KHETI DUNIYAN, PATIALA

Excellence in Agri Info

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖਬਾਰ (ਨਿਊਜ਼-ਪੇਪਰ)

Rs.10/-

# ਖੇਤੀ ਦੁਨੀਆਂ

All Subject to Patiala Jurisdiction.

www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ

ਖੇਤੀ ਦੁਨੀਆਂ ਦੇ ਮੈਂਬਰ ਬਣੋ

ਇੱਕ ਸਾਲ ਲਈ 300/- ਰੁਪਏ

ਦੋ ਸਾਲ ਲਈ 500/- ਰੁਪਏ

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 16-08-2025 • Vol.43 No.33 • M. 90410-14575 • Page 16 E-mail : khetiduniyan1983@gmail.com

## ਝੋਨੇ ਦੀ ਪੀ.ਆਰ.-126 ਕਿਸਮ ਬਣੀ ਕਿਸਾਨਾਂ ਦੀ ਪਹਿਲੀ ਪਸੰਦ

# ਪੰਜਾਬ ਵਿੱਚ ਪਿਛਲੇ ਸਾਲ ਨਾਲੋਂ 25 ਫ਼ੀਸਦੀ ਵਧਿਆ ਇਸ ਕਿਸਮ ਹੇਠ ਰਕਬਾ

ਪੰਜਾਬ ਦੇ ਕਿਸਾਨਾਂ ਵਿੱਚ ਇਸ ਸੀਜ਼ਨ ਦੌਰਾਨ ਝੋਨੇ ਦੀ ਕਿਸਮ ਪੀ ਆਰ-126 ਦੂਸਰੀਆਂ ਕਿਸਮਾਂ ਦੇ ਮੁਕਾਬਲੇ ਸਭ ਤੋਂ ਵੱਧ ਪਸੰਦ ਕੀਤੀ ਜਾ ਰਹੀ ਹੈ ।

ਖੇਤੀਬਾੜੀ ਵਿਭਾਗ ਦੇ ਤਾਜ਼ਾ ਅੰਕੜਿਆਂ ਮੁਤਾਬਕ, ਇਸ ਕਿਸਮ ਹੇਠ ਰਕਬੇ ਵਿੱਚ ਪਿਛਲੇ ਸਾਲ ਨਾਲੋਂ ਲਗਪਗ 25 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ । ਕਿਉਕਿ ਝੋਨੇ ਦੀ ਇਹ ਕਿਸਮ ਜਿੱਥੇ ਦੂਜੀਆਂ ਕਿਸਮਾਂ ਦੇ ਮੁਕਾਬਲੇ ਵੱਧ ਝਾੜ ਦਿੰਦੀ ਹੈ ਉੱਥੇ ਇਹ ਪੱਕਣ ਵਿੱਚ ਵੀ ਘੱਟ ਸਮਾਂ ਲੈਂਦੀ ਹੈ ਤੇ ਇਸ ਨੂੰ ਪਾਣੀ ਦੀ ਵੀ ਘੱਟ ਲੋੜ ਪੈਂਦੀ ਹੈ । ਪੀ ਆਰ 126 ਝੋਨੇ ਦੀ ਕਿਸਮ ਸਿਰਫ਼ 90 ਤੋਂ 95 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ ਜਿਸ ਕਾਰਨ ਇਸ ਕਿਸਮ ਦੇ ਝੋਨੇ ਦੀ ਕਟਾਈ ਤੋਂ ਬਾਅਦ ਆਲੂਆਂ ਜਾਂ ਹੋਰ ਫ਼ਸਲਾਂ ਦੀ ਬਿਜਾਈ ਸਮੇਂ ਸਿਰ ਕੀਤੀ ਜਾ ਸਕਦੀ ਹੈ । ਜਿਸ ਕਾਰਨ ਇਹ ਕਿਸਮ ਕਿਸਾਨਾਂ ਦੀ ਦੂਜੀਆਂ ਕਿਸਮਾਂ ਦੇ ਮੁਕਾਬਲੇ ਪਹਿਲੀ ਪਸੰਦ ਬਣਦੀ ਜਾ ਰਹੀ ਹੈ । ਇਸ ਤੋਂ ਇਲਾਵਾ ਇਸ ਕਿਸਮ ਦੇ ਚੌਲਾਂ ਦੀ ਗੁਣਵੱਤਾ ਕਾਰਨ ਬਜ਼ਾਰ ਵਿੱਚ ਵੀ ਇਸ ਦੀ ਚੰਗੀ ਮੰਗ ਹੈ । ਪ੍ਰਾਪਤ ਅੰਕੜਿਆਂ ਅਨੁਸਾਰ 2023-24 ਦੇ ਸੀਜ਼ਨ ਦੌਰਾਨ ਪੀ ਆਰ 126 ਝੋਨੇ ਦੀ ਕਿਸਮ ਲਗਭਗ 9.85 ਲੱਖ ਹੈਕਟੇਅਰ ਰਕਬੇ ਵਿੱਚ ਬੀਜੀ ਗਈ ਸੀ ਜਦੋਂ ਕਿ 2024-25 ਦੌਰਾਨ ਇਸ ਕਿਸਮ ਹੇਠ ਰਕਬਾ ਵਧ ਕੇ



12.30 ਲੱਖ ਹੈਕਟੇਅਰ ਹੋ ਗਿਆ ਹੈ ਜੋ ਕਿ ਪਿਛਲੇ ਸੀਜ਼ਨ ਨਾਲੋਂ 25 ਫ਼ੀਸਦੀ ਵੱਧ ਹੈ । ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਪਿੰਡ ਬੀਬੀਪੁਰ ਦੇ ਕਿਸਾਨ ਜੋਗਿੰਦਰ ਸਿੰਘ ਜਿਸ ਨੇ ਵੱਡੇ ਪੱਧਰ ਤੇ ਪੀ ਆਰ 126 ਝੋਨੇ ਦੀ ਕਿਸਮ ਆਪਣੇ ਖੇਤਾਂ ਵਿਚ ਕਾਸ਼ਤ ਕੀਤੀ ਹੈ ਨੇ ਦੱਸਿਆ ਕਿ ਦੂਸਰੀਆਂ ਫ਼ਸਲਾਂ ਦੇ ਮੁਕਾਬਲੇ ਜਿੱਥੇ ਇਹ ਕਿਸਮ ਵੱਧ ਝਾੜ ਦਿੰਦੀ ਹੈ ਉੱਥੇ ਇਸ ਕਿਸਮ ਉੱਪਰ ਬੀਮਾਰੀਆਂ ਦਾ ਹਮਲਾ ਵੀ ਘੱਟ ਹੁੰਦਾ ਹੈ ਜਿਸ ਕਾਰਨ ਇਸ ਕਿਸਮ ਉੱਪਰ ਦਵਾਈਆਂ ਆਦਿ ਦੇ ਛਿੜਕਾਅ ਦੀ ਵੀ ਘੱਟ ਲੋੜ ਪੈਂਦੀ ਹੈ ਇਸ ਕਾਰਨ ਕਿਸਾਨਾਂ ਨੂੰ ਆਰਥਕ ਪੱਖੋਂ ਵੀ ਇਹ ਕਿਸਮ ਲਾਹੇਵੰਦ ਸਿੱਧ ਹੋ ਰਹੀ ਹੈ । ਜ਼ਿਲ੍ਹਾ ਕਪੂਰਥਲਾ ਦੇ ਪਿੰਡ ਮੁਹੱਬਲੀਪੁਰ ਦੇ ਕਿਸਾਨ ਮਹਿੰਦਰਪਾਲ ਸਿੰਘ ਸੋਹੀ ਨੇ ਦੱਸਿਆ ਕਿ ਉਹ ਆਪਣੇ ਖੇਤਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਪੀ ਆਰ 126 ਝੋਨੇ ਦੀ ਕਿਸਮ ਦੀ ਬਿਜਾਈ ਕਰਦੇ ਆ ਰਹੇ ਹਨ ਤੇ ਇਸ ਦਾ ਝਾੜ 30 ਤੋਂ 35 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਆਉਂਦਾ ਹੈ ਜੋ ਦੂਜੀਆਂ ਕਿਸਮਾਂ ਦੇ ਮੁਕਾਬਲੇ ਵੱਧ ਹੈ । ਉਨ੍ਹਾਂ ਦੱਸਿਆ ਕਿ ਇਹ ਕਿਸਮ ਉਨ੍ਹਾਂ ਦੇ ਇਲਾਕੇ ਵਿੱਚ ਇਸ ਕਰ ਕੇ ਵੀ ਜ਼ਿਆਦਾ ਮਕਬੂਲ ਹੈ ਕਿਉਕਿ ਉਨ੍ਹਾਂ ਦੇ ਇਸ ਖੇਤਰ ਵਿੱਚ ਇਸ ਕਿਸਮ ਦੇ ਝੋਨੇ ਦੀ ਕਟਾਈ ਤੋਂ ਬਾਅਦ ਆਲੂਆਂ ਦੀ ਕਾਸ਼ਤ ਵੱਡੇ ਵੱਧਰ ਤੇ ਕੀਤੀ ਜਾਂਦੀ ਹੈ । ਖੇਤੀਬਾੜੀ ਵਿਭਾਗ ਦੇ ਮਾਹਰਾਂ ਅਨੁਸਾਰ ਹਾਲੇ ਤੱਕ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਤੋਂ ਝੋਨੇ ਦੀ ਇਸ ਕਿਸਮ ਨੂੰ ਕਿਸੇ ਤਰ੍ਹਾਂ ਦੀ ਕੋਈ ਬਿਮਾਰੀ ਦੇ ਲੱਛਣ ਵੇਖਣ ਨੂੰ ਨਹੀਂ ਮਿਲੇ ਪਰ ਫਿਰ ਵੀ ਉਨ੍ਹਾਂ ਨੇ ਸਲਾਹ ਦਿੱਤੀ ਹੈ ਕਿ ਜੇਕਰ ਕਿਸੇ ਤਰ੍ਹਾਂ ਦੀ ਕੋਈ ਬੀਮਾਰੀ ਦਾ ਲੱਛਣ ਇਸ ਕਿਸਮ ਤੇ ਦਿਖਾਈ ਦੇਵੇ ਤਾਂ ਉਹ ਖੇਤੀਬਾੜੀ ਵਿਭਾਗ ਦੇ ਮਾਹਰਾਂ ਦੀ ਸਲਾਹ ਨਾਲ ਹੀ ਦਵਾਈਆਂ ਦਾ ਛਿੜਕਾਅ ਕਰਨ ।



# ਬਰਸਾਤ ਰੁੱਤ ਵਿੱਚ ਅਮਰੂਦ ਦੇ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ

ਹਰਕੰਵਲਜੋਤ ਸਿੰਘ ਸੇਖੋਂ, ਸੁਨੀਲ ਕਸ਼ਯਪ ਅਤੇ ਹਰਪਾਲ ਸਿੰਘ ਰੰਧਾਵਾ,
ਰਿਜਨਲ ਰਿਸਰਚ ਸਟੇਸ਼ਨ, ਗੁਰਦਾਸਪੁਰ (ਮੋਬਾਇਲ 98881-64481)

ਅਮਰੂਦ ਦੀ ਫ਼ਸਲ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੀ ਹੈ । ਇਸ ਫ਼ਸਲ ਨੂੰ ਬਰਸਾਤ ਅਤੇ ਸਰਦ ਰੁੱਤ ਵਿੱਚ ਲਿਆ ਜਾ ਸਕਦਾ ਹੈ । ਸਰਦੀ ਰੁੱਤ ਵਾਲੀ ਫ਼ਸਲ ਕੀੜ੍ਹੇ-ਮਕੌੜੇ ਅਤੇ ਬਿਮਾਰੀਆਂ ਤੋਂ ਰਹਿਤ ਹੁੰਦੀ ਹੈ ਜਿਸ ਕਰਕੇ ਇਸਦਾ ਝਾੜ ਵੱਧ ਹੁੰਦਾ ਹੈ ਅਤੇ ਕਿਸਾਨ ਵੀਰ ਵੱਧ ਮੁਨਾਫ਼ਾ ਲੈ ਸਕਦੇ ਹਨ । ਬਰਸਾਤ ਰੁੱਤ ਦੀ ਫ਼ਸਲ ਵਿੱਚ ਕੀੜ੍ਹੇ-ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਵੱਧ ਹੋਣ ਕਾਰਨ ਝਾੜ ਤੇ ਅਸਰ ਪੈਂਦਾ ਹੈ ਅਤੇ ਫ਼ਲ ਦੀ ਕੁਆਲਿਟੀ ਵੀ ਵਧੀਆ ਨਹੀਂ ਹੁੰਦੀ । ਇਸ ਕਰਕੇ ਜਿਹੜੇ ਕਿਸਾਨ ਵੀਰ ਬਰਸਾਤ ਦੀ ਰੁੱਤ ਦੀ ਫ਼ਸਲ ਲੈਣਾ ਚਾਹੁੰਦੇ ਹਨ ਤਾਂ ਉਹ ਮੁੱਖ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਜ਼ਰੂਰੀ ਨੁਕਤੇ ਅਪਣਾਉਣ ।

**ਫ਼ਲ ਦੀ ਮੱਖੀ** : ਇਹ ਬਹੁਤ ਹਾਨੀਕਾਰਕ ਕੀੜਾ ਹੈ ਅਤੇ ਇਸਦਾ ਹਮਲਾ ਜੁਲਾਈ-ਅਗਸਤ ਵਿੱਚ ਵਧੇਰੇ ਹੁੰਦਾ ਹੈ । ਇਹ ਮੱਖੀ ਜਦੋਂ ਅਮਰੂਦ ਰੰਗ ਬਦਲਦਾ ਹੈ ਉਸ ਵੇਲੇ ਛਿਲਕੇ ਤੇ ਆਂਡੇ ਦਿੰਦੀ ਹੈ । ਆਂਡੇ ਵਿਚੋਂ ਸੁੰਡੀਆਂ ਨਿਕਲਣ ਤੋਂ ਬਾਅਦ ਇਹ ਫ਼ਲਾਂ ਵਿੱਚ ਮੋਰੀਆਂ ਕਰਦੀਆਂ ਹਨ ਅਤੇ ਅੰਦਰੋਂ ਖਾਂਦੀਆਂ ਹਨ । ਪ੍ਰਭਾਵਿਤ ਫ਼ਲ ਅੰਦਰ ਨੂੰ ਧਸੇ ਹੋਏ ਅਤੇ ਮੋਰੀਆਂ ਵਾਲੇ ਦਿਖਾਈ ਦਿੰਦੇ ਹਨ । ਜਦੋਂ ਫ਼ਲ ਨੂੰ ਕੱਟ ਕੇ ਦੇਖਦੇ ਹਾਂ ਤਾਂ ਕੀੜੇ ਦੀਆਂ ਸੁੰਡੀਆਂ ਦਿਖਾਈ ਦਿੰਦੀਆਂ ਹਨ ।

**ਰੋਕਥਾਮ** : ਬਰਸਾਤ ਰੁੱਤ ਵਿੱਚ ਫ਼ਲਾਂ ਨੂੰ ਪੱਕਣ ਤੋਂ ਪਹਿਲਾਂ ਚਿੱਟੇ ਰੰਗ ਦੇ ਨਾਨ-ਵੂਵਨ ਲਿਫ਼ਾਫ਼ਿਆਂ ਵਿੱਚ ਬੰਨ ਦਿਉ । ਜਿਹੜੇ ਬਾਗਾਂ ਜਿੱਥੇ ਫ਼ਲ ਦੀ ਮੱਖੀ ਦਾ ਹਮਲਾ ਪਹਿਲਾਂ ਤੋਂ ਹੀ ਗੰਭੀਰ ਹੁੰਦਾ ਹੋਵੇ, ਉੱਥੇ ਵਰਖਾ ਰੁੱਤ ਦੀ ਫ਼ਸਲ ਨਾ ਲਾਓ । ਮੱਖੀ ਦੀ ਰੋਕਥਾਮ ਲਈ ਜੁਲਾਈ ਦੇ ਪਹਿਲੇ ਹਫ਼ਤੇ ਪੀ ਏ ਯੂ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਉ ਅਤੇ ਇੱਕ ਮਹੀਨੇ ਬਾਅਦ ਨਵੇਂ ਟਰੈਪ ਫਿਰ ਤੋਂ ਲਗਾਉ ।



**ਫ਼ਲ ਦਾ ਗੜੂੰਆਂ** : ਜਿਸ ਜਗ੍ਹਾਂ



ਤੋਂ ਇਸ ਕੀੜੇ ਦੀ ਸੁੰਡੀ ਫ਼ਲ ਵਿੱਚ ਵੜਦੀ ਹੈ, ਉਸ ਥਾਂ ਤੋਂ ਫ਼ਲ ਬੇਢੱਬਾ ਜਿਹਾ ਹੋ ਜਾਂਦਾ ਹੈ । ਇਸ ਕੀੜੇ ਦੀ ਸੁੰਡੀ ਫ਼ਲ ਦੇ ਬੀਜਾਂ ਅਤੇ ਗੁੱਦੇ ਨੂੰ ਖਾਂਦੀ ਹੈ ਜਿਸ ਨਾਲ ਹਮਲੇ ਹੇਠ ਆਇਆ ਫ਼ਲ ਕਮਜ਼ੋਰ ਹੋ ਜਾਂਦਾ ਹੈ । ਸੁੰਡੀ ਤੋਂ ਬਾਅਦ ਦੀ ਅਵਸਥਾ (ਪਿਊਪਾ) ਫ਼ਲ ਦੇ ਅੰਦਰ ਹੀ ਬਣਦੀ ਹੈ । ਹਮਲਾ ਪ੍ਰਭਾਵਿਤ ਫ਼ਲ ਸੁੱਕ ਜਾਂਦੇ ਹਨ ਅਤੇ ਪੱਕਣ ਤੋਂ ਪਹਿਲਾਂ ਹੀ ਹੇਠਾਂ ਡਿੱਗ ਪੈਂਦੇ ਹਨ । ਇਸ ਕੀੜੇ ਦੇ ਹਮਲੇ ਦੇ ਮੁੱਖ ਲੱਛਣ ਫ਼ਲਾਂ ਵਿੱਚ ਮਲ-ਮੂਤਰ ਹੋਣਾ ਅਤੇ ਰੇਸ਼ਮੀ ਜਾਲਿਆਂ ਦਾ ਲਟਕਣਾ ਹੁੰਦਾ ਹੈ ।

**ਰੋਕਥਾਮ** : ਹਮਲੇ ਵਾਲੇ ਫ਼ਲਾਂ ਨੂੰ ਟੋਏ ਵਿੱਚ ਸੁੱਟ ਅਤੇ ਉੱਪਰੋਂ ਮਿੱਤਰ ਕੀੜੇ ਸਹਾਈ ਜਾਲੀ (6 ਮੈਸ਼) ਨਾਲ ਢੱਕ ਦਿਉ । ਜੁਲਾਈ ਦੇ ਪਹਿਲੇ ਅਤੇ ਦੂਜੇ ਹਫ਼ਤੇ (ਬਰਸਾਤ ਰੁੱਤ ਦੀ ਫ਼ਸਲ) ਅਤੇ ਅਕਤੂਬਰ ਦੇ ਪਹਿਲੇ ਅਤੇ ਦੂਜੇ ਹਫ਼ਤੇ (ਸਰਦੀ ਰੁੱਤ ਦੀ ਫ਼ਸਲ) ਪੀ.ਏ.ਯੂ. ਨਿੰਮ ਦਾ ਘੋਲ ਦੇ 18 ਮਿਲੀਲਿਟਰ ਪ੍ਰਤੀ ਲਿਟਰ ਦੇ ਹਿਸਾਬ ਨਾਲ ਦੋ ਛਿੜਕਾਅ ਕਰੋ । ਟ੍ਰਾਈਕੋਗ੍ਰਾਮਾ ਕਿਲੋਨਿਸ ਮਿੱਤਰ ਕੀੜੇ ਵਾਲੀਆਂ ਟ੍ਰਾਈਕੋ ਸਟਰਿਪਸ 2000 ਪ੍ਰਜੀਵੀ ਅੰਡੇ ਪ੍ਰਤੀ ਰੁੱਖ ਦੇ ਹਿਸਾਬ ਨਾਲ (13 ਕਾਰਡ ਪ੍ਰਤੀ ਏਕੜ) ਜੁਲਾਈ ਦੇ ਤੀਜੇ, ਚੌਥੇ ਅਤੇ ਪੰਜਵੇਂ ਹਫ਼ਤੇ (ਬਰਸਾਤ ਰੁੱਤ ਦੀ ਫ਼ਸਲ) ਅਤੇ ਅਕਤੂਬਰ ਦੇ ਤੀਜੇ, ਚੌਥੇ ਅਤੇ ਪੰਜਵੇਂ ਹਫ਼ਤੇ (ਸਰਦੀ ਰੁੱਤ ਦੀ ਫ਼ਸਲ) ਪੱਤਿਆਂ ਦੇ ਹੇਠਲੇ ਪਾਸੇ ਨੱਥੀ ਕਰੋ) ।

**ਮਿਲੀ ਬੱਗ** : ਮਿਲੀ ਬੱਗ ਦੇ ਬੱਚੇ ਪੱਤਿਆਂ, ਨਰਮ ਸ਼ਾਖਾਵਾਂ, ਟਹਿਣੀਆਂ ਅਤੇ ਫ਼ਲਾਂ ਵਿੱਚੋਂ ਰਸ ਚੂਸ ਕੇ ਨੁਕਸਾਨ ਪਹੁੰਚਾਉਂਦੇ ਹਨ । ਇਨ੍ਹਾਂ ਦੇ ਮਲ-ਮੂਤਰ ਤੇ ਕਾਲੀ ਉੱਲੀ ਜੰਮ ਜਾਂਦੀ ਹੈ ਜਿਸ ਕਰਕੇ ਹਮਲੇ ਹੇਠ ਆਏ ਬੂਟੇ ਦੇ ਵੱਖ-ਵੱਖ ਹਿੱਸੇ ਕਾਲੀ ਭਾਅ ਮਾਰਦੇ ਹਨ ।

**ਰੋਕਥਾਮ** : ਮਿਲੀ ਬੱਗ ਦੇ ਹਮਲੇ ਤੇ ਨਿਗਾਹ ਰੱਖਣ ਲਈ ਸਮੇਂ-ਸਮੇਂ ਤੇ ਪੱਤਿਆਂ ਦੇ ਹੇਠਲੇ ਪਾਸੇ, ਨਰਮ ਸ਼ਾਖਾਵਾਂ, ਜ਼ਮੀਨ ਨਾਲ ਛੂੰਹਦੀਆਂ ਟਹਿਣੀਆਂ ਤੇ ਫ਼ਲਾਂ ਦੀ ਜਾਂਚ ਕਰਦੇ ਰਹੋ । ਬਾਗਾਂ ਨੂੰ ਸਾਫ਼ ਸੁਥਰਾ ਰੱਖਣ ਲਈ ਨਦੀਨਾਂ ਅਤੇ ਘਾਹ ਦੀ ਰੋਕਥਾਮ ਕਰੋ । ਦਰੱਖਤਾਂ ਦੀਆਂ ਟਹਿਣੀਆਂ ਦੀ ਕਾਂਟ-ਛਾਂਟ ਇਸ ਢੰਗ ਨਾਲ ਕਰੋ ਕਿ ਉਹ ਜ਼ਮੀਨ ਨੂੰ ਨਾ ਲੱਗਣ । ਹਮਲੇ ਹੇਠ ਆਈਆਂ ਟਹਿਣੀਆਂ ਨੂੰ ਕੱਟ ਕੇ ਨਸ਼ਟ ਕਰੋ । ਬਾਗਾਂ ਵਿੱਚੋਂ ਕੀੜੀਆਂ/ਕਾਢਿਆਂ ਦੇ ਭੌਣ ਨਸ਼ਟ ਕਰੋ ।

**ਬੂਟੇ ਦਾ ਮੁਰਝਾਉਣਾ** : ਇਸ ਬਿਮਾਰੀ ਦੀਆਂ ਨਿਸ਼ਾਨੀਆਂ ਬੂਟਿਆਂ ਦੇ ਮੁੱਢਾਂ ਉੱਪਰ ਉੱਲੀ ਦਾ ਹਮਲਾ ਹੋ ਜਾਣ ਤੋਂ ਕਈ ਮਹੀਨਿਆਂ ਬਾਅਦ ਦਿਖਾਈ ਦਿੰਦੀਆਂ ਹਨ । ਹਮਲੇ ਵਾਲੇ ਬੂਟਿਆਂ ਦੇ ਪੱਤੇ ਪਹਿਲਾਂ ਵਿਰਲੇ ਅਤੇ ਬਾਅਦ ਵਿੱਚ ਪੀਲੇ ਹੋ ਕੇ ਮੁਰਝਾ ਜਾਂਦੇ ਹਨ । ਬੂਟੇ ਦੇ



ਜੜ੍ਹਾਂ ਦੀ ਛਿੱਲ ਅਤੇ ਲੱਕੜ ਵਿਚਲੀ ਜਗ੍ਹਾ ਦਾ ਰੰਗ ਬਦਲ ਜਾਂਦਾ ਹੈ ।

**ਰੋਕਥਾਮ** : ਅਮਰੂਦ ਦੇ ਬੂਟੇ ਚੰਗੇ ਜਲ ਨਿਕਾਸ ਵਾਲੀ ਜ਼ਮੀਨ ਵਿੱਚ ਲਾਉ । ਅਕਤੂਬਰ-ਨਵੰਬਰ ਦੇ ਮਹੀਨੇ ਇਸ ਅਲਾਮਤ ਦੇ ਲੱਛਣਾਂ ਵਾਲੇ ਪੌਦਿਆਂ ਤੇ ਕੋਬਾਲਟ ਕਲੋਰਾਈਟ (15 ਗ੍ਰਾਮ ਪ੍ਰਤੀ 100 ਲਿਟਰ ਪਾਣੀ) ਦੇ ਹਿਸਾਬ ਨਾਲ ਛਿੜਕਾਅ ਕਰੋ । ਪਿਊਂਦੀ ਬੂਟਿਆਂ ਲਈ ਸਰਦਾਰ ਜਾਂ ਪੁਰਤਗਾਲ ਕਿਸਮ ਦੇ ਜੜ-ਮੁੱਢ ਦੀ ਵਰਤੋਂ ਕਰੋ । ਬਾਗਾਂ ਨੂੰ ਲੋੜੋਂ ਜ਼ਿਆਦਾ ਪਾਣੀ ਨਾ ਦਿਉ । ਹੋ ਸਕੇ ਤਾਂ ਤੁਪਕਾ ਪ੍ਰਣਾਲੀ ਨਾਲ ਪਾਣੀ ਦਿਉ । ਵੱਡੇ ਬਾਗਾਂ ਵਿੱਚ ਅੰਤਰ-ਫ਼ਸਲਾਂ ਦੀ ਕਾਸ਼ਤ ਤੋਂ ਪ੍ਰਹੇਜ਼ ਕਰੋ ਅਤੇ ਵਾਰ-ਵਾਰ ਵਹਾਈ ਨਾ ਕਰੋ ।

**ਫ਼ਲ ਦਾ ਗਲਣਾ/ਟਾਹਣੀਆਂ ਸੁੱਕਣਾ** : ਤਿਆਰ ਫ਼ਲ ਤੇ ਇਸ ਉੱਲੀ ਦਾ ਹਮਲਾ ਵਧੇਰੇ ਨੁਕਸਾਨ ਪਹੁੰਚਾਉਂਦਾ ਹੈ । ਫ਼ਲਾਂ ਉੱਪਰ ਚਿੱਬੇ ਜਿਹੇ, ਡੂੰਘੇ ਅਤੇ ਗੋਲ ਆਕਾਰ ਦੇ ਭੂਰੇ ਰੰਗ ਦੇ ਦਾਗ ਪੈ ਜਾਂਦੇ ਹਨ ਜਿਸ ਵਿੱਚ ਗੁਲਾਬੀ ਰੰਗ ਦੇ ਚਿਪਕਵੇਂ ਜਿਹੇ ਕਿਟਾਣੂੰ ਇਕੱਠੇ ਹੋ ਜਾਂਦੇ ਹਨ । ਹਮਲੇ ਵਾਲਾ ਫ਼ਲ 2-3 ਦਿਨਾਂ ਵਿੱਚ ਹੀ ਖਰਾਬ ਹੋ ਜਾਂਦਾ ਹੈ । ਬਰਸਾਤ ਦੇ ਮੌਸਮ ਵਿੱਚ ਵੀ ਇਹ ਉੱਲੀ ਛੋਟੇ ਬੂਟਿਆਂ ਦੀਆਂ ਸ਼ਾਖਾਂ ਅਤੇ ਪੱਤਿਆਂ ਉੱਤੇ ਭਾਰੀ ਨੁਕਸਾਨ ਕਰਦੀ ਹੈ ।


**ਰੋਕਥਾਮ** : ਬੂਟਿਆਂ ਦੇ ਦੌਰਾਂ ਵਿੱਚ ਮੀਂਹ ਜਾਂ ਸਿੰਚਾਈ ਦਾ ਪਾਣੀ ਖੜ੍ਹਾ ਨਾ ਰਹਿਣ ਦਿਉ । ਰੋਗੀ ਫ਼ਲ ਤੇ ਸੁੱਕੀਆਂ ਸ਼ਾਖਾਂ ਕੱਟ ਸੁੱਟੋ । ਇਸ ਪਿੱਛੋਂ ਬੂਟਿਆਂ ਉੱਪਰ 300 ਗ੍ਰਾਮ ਬਲਾਈਟੋਕਸ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ । ਗਲੇ ਫਲਾਂ ਨੂੰ ਧਰਤੀ ਹੇਠ ਡੂੰਘੇ ਦੱਬ ਦਿਉ ।

# ਬਰਸਾਤਾਂ ਵਿੱਚ ਨਰਮੇ ਦੀ ਸੰਭਾਲ ਲਈ ਕੁੱਝ ਨੁਕਤੇ

ਦੱਖਣ-ਪੱਛਮੀ ਜ਼ਿਲਿਆਂ ਵਿਚ ਵੀ ਲਗਾਤਾਰ ਪੈ ਰਹੇ ਮੀਂਹ ਕਰਕੇ ਨਰਮੇ ਦੇ ਖੇਤਾਂ ਵਿਚ ਸਿੱਲ ਬਰਕਰਾਰ ਹੈ । ਅਜਿਹੇ ਹਲਾਤਾਂ ਵਿਚ ਆਮ ਤੌਰ ਤੇ ਨਰਮੇ ਦੇ ਕਿਸਾਨਾਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ।

**ਬਰਸਾਤਾਂ ਵਿਚ ਆਉਣ ਵਾਲੀਆਂ ਬਿਮਾਰੀਆਂ** : ਜਿਨਾਂ ਖੇਤਾਂ ਵਿਚ ਪਾਣੀ ਨਹੀਂ ਲੱਗਾ ਸੀ ਜਾਂ ਮੀਂਹ ਤੋਂ ਪਹਿਲਾਂ ਨਰਮਾ ਔੜ ਮਨਾ ਰਿਹਾ ਸੀ, ਉਥੇ ਭਾਰੀ ਬਾਰਿਸ਼ ਪੈਣ ਤੋਂ ਬਾਅਦ ਪੈਰਾ ਵੈਲਟ ਦੇ ਲੱਛਣ ਦਿਖ ਰਹੇ ਹਨ । ਇਹ ਸਮੱਸਿਆ ਸਾਰੇ ਖੇਤ ਵਿਚ ਇਕਸਾਰ ਨਹੀਂ ਆਉਂਦੀ, ਬਲਕਿ ਕੁਝ ਕੁ ਬੂਟੇ ਮੁਰਝਾਉਣ ਦੇ ਲੱਛਣ ਦਿਖਾਉਣ ਲਗ ਪੈਂਦੇ ਹਨ । ਬੂਟੇ ਦੇ ਹਰੇ ਪੱਤਿਆਂ ਦਾ ਮੁਰਝਾਉਣਾ ਇਸ ਦਾ ਹੀ ਲੱਛਣ ਹੈ । ਅਜਿਹੀ ਸਮੱਸਿਆ ਆਉਣ ਦੀ ਸੂਰਤ ਵਿਚ ਤੁਰੰਤ ਕੋਬਾਲਟ ਕਲੋਰਾਇਡ 1 ਗ੍ਰਾਮ ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਪ੍ਰਭਾਵਿਤ ਬੂਟਿਆਂ ਤੇ ਸਪਰੇ ਕਰ ਦੇਣੀ ਚਾਹੀਦੀ ਹੈ, ਜਿਸ ਨਾਲ ਬੂਟੇ ਦਾ ਮੁਰਝਾਉਣਾ ਰੁਕ ਜਾਂਦਾ ਹੈ ਅਤੇ ਬੂਟਾ ਦੁਬਾਰਾ ਚਲ ਪੈਂਦਾ ਹੈ । ਜੇ ਬੂਟਾ ਪੂਰਾ ਮੁਰਝਾ ਜਾਵੇ ਤਾਂ ਇਸ ਦਵਾਈ ਦਾ ਅਸਰ ਨਹੀਂ ਮਿਲਦਾ, ਨਾ ਹੀ ਸਿਹਤਮੰਦ ਬੂਟਿਆਂ ਤੇ ਇਸ ਦਾ ਛਿੜਕਾਅ ਕਰਨਾ ਚਾਹੀਦਾ ਹੈ ।


ਬਾਰਿਸਾਂ ਦੇ ਮੌਸਮ ਵਿਚ ਪੱਤਿਆਂ ਦੇ ਧੱਬਿਆਂ ਦਾ ਰੋਗ ਵੀ ਨਰਮੇ ਦੀ ਫਸਲ ਤੇ ਦਿਖਾਈ ਦੇ ਸਕਦਾ ਹੈ । ਇਸ ਰੋਗ ਦੇ ਧੱਬੇ ਨਰਮੇ ਦੇ ਟਿੰਡਿਆਂ ਉਪਰ ਵੀ ਦਿਖਾਈ ਦਿੰਦੇ ਹਨ । ਇਸ ਰੋਗ ਦੇ ਵਧਣ ਨਾਲ ਕਈ ਵਾਰ ਪੱਤੇ ਪੂਰੀ ਤਰ੍ਹਾਂ ਸੁੱਕ ਜਾਂਦੇ ਹਨ ਅਤੇ ਇਹ ਬਿਮਾਰੀ ਨਰਮੇ ਦੇ ਝਾੜ ਤੇ ਮਾੜਾ ਅਸਰ ਪਾ ਸਕਦੀ ਹੈ । ਇਸ ਬਿਮਾਰੀ ਤੋਂ ਬਚਣ ਲਈ ਐਮੀਸਟਾਰ ਟੌਪ 200 ਮਿ.ਲੀ. ਪ੍ਰਤੀ ਏਕੜ ਦਾ ਸਪਰੇ ਕਰ ਦੇਣਾ ਚਾਹੀਦਾ ਹੈ ।



**ਨਰਮੇ ਦੇ ਪੱਤਿਆਂ ਦਾ ਪੀਲਾ ਪੈਣਾ** : ਲਗਾਤਾਰ ਪੈ ਰਹੇ ਮੀਂਹ ਕਾਰਨ ਕਈ ਵਾਰ ਨਰਮੇ ਦਾ ਪਤਰਾਲ ਪੀਲਾਪਣ ਦਿਖਾਉਣ ਲਗ ਪੈਂਦਾ ਹੈ । ਜਿਨਾਂ ਖੇਤਾਂ ਵਿਚ ਲਗਾਤਾਰ ਪਾਣੀ ਖੜਾ ਰਹੇ, ਉਥੇ ਜੜਾਂ ਨੂੰ ਆਕਸੀਜਨ ਨਾ ਮਿਲਣ ਕਰਕੇ ਨਰਮੇ ਦੇ ਬੂਟੇ ਖੁਰਾਕ ਬਹੁਤ ਘੱਟ ਚਕਦੇ ਹਨ ਅਤੇ ਪਲੱਤਣ ਵਿਚ ਆ ਜਾਂਦੇ ਹਨ । ਅਜਿਹੀਆਂ ਹਾਲਤਾਂ ਵਿਚ ਨਰਮੇ ਦੀ ਫਸਲ ਵਿਚ ਪਾਣੀ ਦੀ ਨਿਕਾਸੀ ਕਰਕੇ, ਪੀ. ਏ. ਯੂ. ਦੀ ਸਿਫਾਰਿਸ਼ ਮੁਤਾਬਿਕ ਯੂਰੀਆ ਦੀ ਵਰਤੋਂ ਕਰਨੀ ਚਾਹੀਦੀ ਹੈ । ਜੇ ਫਸਲ ਨੂੰ ਪਹਿਲਾਂ ਪਾਣੀ ਨਾ ਲੱਗਾ ਹੋਣ ਕਰਕੇ ਯੂਰੀਆ ਦੀ ਪਹਿਲੀ ਕਿਸ਼ਤ ਨਹੀਂ ਪਈ ਤਾਂ ਇਸ ਸਮੇਂ ਇਹ ਕਿਸ਼ਤ 45 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦਿਉ । ਜੇ ਪਹਿਲੀ ਕਿਸ਼ਤ ਪੈ ਚੁੱਕੀ ਹੈ, ਅਤੇ ਨਰਮੇ ਦੀ ਫਸਲ ਫੁੱਲਾਂ ਤੇ ਹੈ ਤਾਂ ਇਸ ਸਮੇਂ ਯੂਰੀਆ ਦੀ ਦੂਸਰੀ ਕਿਸ਼ਤ ਪਾਈ ਜਾ ਸਕਦੀ ਹੈ ।

**ਫੁੱਲ-ਚੁੰਡੀਆਂ ਦਾ ਝੜਣਾ** : ਲਗਾਤਾਰ ਬਦਲਵਾਈ ਰਹਿਣ ਕਾਰਣ ਨਰਮੇ ਦੀ ਫਸਲ ਨੂੰ ਸੂਰਜ ਦੀ ਰੋਸ਼ਨੀ ਘੱਟ ਮਿਲਣ ਕਰਕੇ ਫੁੱਲਾਂ ਤੇ ਆਈ ਫਸਲ ਕਈ ਵਾਰ ਚੁੰਡੀਆਂ, ਫੁੱਲ ਜਾਂ ਛੋਟੇ ਟਿੰਡੇ ਸਿੱਟਣ ਲਗ ਪੈਂਦੀ ਹੈ । ਇਸ ਨੂੰ ਰੋਕਣ ਲਈ ਪੋਟਾਸ਼ਿਅਮ ਨਾਈਟ੍ਰੇਟ (13-0-45) 2 ਕਿਲੋ ਪ੍ਰਤੀ ਏਕੜ ਦੀ ਸਪਰੇਅ ਫੁੱਲ ਪੈਣ ਤੇ ਸ਼ੁਰੂ ਕਰਕੇ, ਇਸ ਦੇ 4 ਸਪਰੇਅ 10 ਦਿਨਾਂ ਦੇ ਵਕਫੇ ਤੇ ਕਰਨੇ ਚਾਹੀਦੇ ਹਨ । ਬੀ. ਟੀ. ਨਰਮੇ ਵਿਚ ਫੁੱਲ ਪੈਣ ਦੀ ਅਵਸਥਾ 70-75 ਦਿਨਾਂ ਤੇ ਹੁੰਦੀ ਹੈ । ਦੇਰੀ ਨਾਲ ਸਪਰੇਅ ਕਰਨਾ ਅਤੇ ਘੱਟ ਮਾਤਰਾ ਵਿਚ ਸਪਰੇਅ ਕਰਨ ਨਾਲ 13-0-45 ਦਾ ਪੂਰਾ ਫਾਇਦਾ ਨਹੀਂ ਮਿਲਦਾ । ਸਹੀ ਸਮੇਂ ਅਤੇ ਪੂਰੀ ਮਾਤਰਾ ਵਿਚ ਕੀਤੇ ਸਪਰੇ, ਨਰਮੇ ਨੂੰ ਹਰ ਤਰ੍ਹਾਂ ਦੇ ਤਨਾਅ ਤੋਂ ਬਚਾਉਂਦੇ ਹਨ ।

**ਜਗਦੀਸ਼ ਕੁਮਾਰ ਅਰੋੜਾ ਅਤੇ ਸੁਨਾਇਣਾ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਅਬੋਹਰ**
**ਮੋਬਾਇਲ** : 81959-50560



# ਸਾਉਣੀ ਰੁੱਤ ਦੀ ਮੱਕੀ ਦੀਆਂ ਬੀਮਾਰੀਆਂ ਤੋਂ ਰੋਕਥਾਮ

**ਆਮ ਤੌਰ 'ਤੇ ਮੱਕੀ ਦੀ ਫ਼ਸਲ 'ਤੇ ਬਿਜਾਈ ਤੋਂ ਲੈ ਕੇ ਵਾਢੀ ਤੱਕ ਵੱਖ-ਵੱਖ ਕੀੜੇ-ਮਕੌੜਿਆਂ ਅਤੇ ਬੀਮਾਰੀਆਂ ਦਾ ਹਮਲਾ ਹੁੰਦਾ ਹੈ, ਜਿਨ੍ਹਾਂ ਦੀ ਸਮੇਂ-ਸਿਰ ਰੋਕਥਾਮ ਨਾ ਕੀਤੀ ਜਾਵੇ ਤਾਂ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ ਹੋ ਜਾਂਦਾ ਹੈ । ਹਾਲਾਂਕਿ, ਨੁਕਸਾਨ ਦੇ ਲੱਛਣਾਂ ਦੀ ਸਹੀ ਜਾਣਕਾਰੀ, ਕੀੜੇ-ਮਕੌੜਿਆਂ ਅਤੇ ਬੀਮਾਰੀਆਂ ਦੀ ਸਹੀ ਪਛਾਣ ਅਤੇ ਸਮੇਂ ਸਿਰ ਇਨ੍ਹਾਂ ਕੀੜੇ-ਮਕੌੜਿਆਂ ਅਤੇ ਬੀਮਾਰੀਆਂ ਦੀ ਰੋਕਥਾਮ ਕਰ ਕੇ ਅਸੀਂ ਫ਼ਸਲ ਤੋਂ ਚੰਗਾ ਝਾੜ ਲੈ ਸਕਦੇ ਹਾਂ ।**

**ਮਨਦੀਪ ਪਠਾਨੀਆਂ, ਕੇ ਕੇ ਸ਼ਰਮਾ ਅਤੇ ਬਲਵਿੰਦਰ ਸਿੰਘ ਢਿੱਲੋਂ,**
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

## ਮੱਕੀ ਦੀ ਫ਼ਸਲ ਨੂੰ ਨੁਕਸਾਨ ਪਹੁੰਚਾਉਣ ਵਾਲੇ ਮੁੱਖ ਕੀੜੇ

**ਮੱਕੀ ਦਾ ਗੜੂੰਆਂ** : ਇਹ ਮੱਕੀ ਦਾ ਮੁੱਖ ਕੀੜਾ ਹੈ ਅਤੇ ਜੂਨ ਤੋ ਸਤੰਬਰ ਤੱਕ ਫ਼ਸਲ ਦਾ ਨੁਕਸਾਨ ਕਰਦਾ ਹੈ । ਇਸ ਕੀੜੇ ਦੀਆਂ ਸੁੰਡੀਆਂ ਪਹਿਲਾਂ ਬੂਟੇ



ਦੇ ਪੱਤਿਆਂ ਉੱਪਰ ਝਰੀਟਾਂ ਪਾ ਦਿੰਦੀਆਂ ਹਨ ਅਤੇ ਗੋਭ ਰਾਹੀਂ ਤਣੇ ਵਿਚ ਮੋਰੀਆਂ ਕਰ ਦਿੰਦੀਆਂ ਹਨ । ਗੋਭ ਦਾ ਵਿਚਕਾਰਲਾ ਪੱਤਾ ਛਾਣਨੀ-ਛਾਣਨੀ ਹੋ ਜਾਂਦਾ ਹੈ । ਛੋਟੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ । ਇਸ ਕੀੜੇ ਦੀ ਰੋਕਥਾਮ ਲਈ ਹੇਠ ਲਿਖੇ ਉਪਰਾਲੇ ਕਰੋ :

ਮੱਕੀ ਦੇ ਮੁੱਢਾਂ, ਟਾਂਡਿਆਂ ਦੇ ਗੁੱਲਾਂ ਵਿਚ ਲੁਕੇ ਹੋਏ ਗੜੂੰਏ ਨੂੰ ਖ਼ਤਮ ਕਰੋ । ਮੱਕੀ ਵੱਢਣ ਤੋਂ ਤੁਰੰਤ ਬਾਅਦ ਖੇਤਾਂ ਨੂੰ ਵਾਹ ਦਿਉ ਤੇ ਮੁੱਢਾਂ ਨੂੰ ਇਕੱਠੇ ਕਰ ਕੇ ਨਸ਼ਟ ਕਰ ਦਿਉ । ਟਾਂਡੇ, ਛੱਲੀਆਂ ਤੇ ਗੁੱਲਾਂ ਨੂੰ ਅਖੀਰ ਫ਼ਰਵਰੀ ਤੱਕ ਵਰਤ ਲਉ ਤੇ ਬਚੇ ਹੋਏ ਟਾਂਡਿਆਂ ਨੂੰ ਵਰਤਣ ਲਈ ਕੁਤਰ ਲਓ । ਬੀਜ ਲਈ ਉਹੀ ਛੱਲੀਆਂ ਰੱਖੋ, ਜਿਨ੍ਹਾਂ ਤੇ ਗੜੂੰਏਂ ਦਾ ਹਮਲਾ ਨਾ ਹੋਇਆ ਹੋਵੇ ।

**ਫ਼ਾਲ ਆਰਮੀਵਰਮ** : ਇਹ ਕੀੜਾ ਅਮਰੀਕਨ ਦੇਸ਼ਾਂ ਵਿਚ ਪਾਇਆ ਜਾਣ ਵਾਲਾ ਇਕ ਬਹੁਤ ਹੀ ਵਿਨਾਸ਼ਕਾਰੀ ਕੀਟ ਹੈ, ਜੋ ਕਿ ਪਿਛਲੇ 1-2 ਸਾਲਾਂ ਮਗਰੋਂ ਭਾਰਤ ਦੇ ਪੰਜਾਬ ਅਤੇ ਹੋਰ ਰਾਜਾਂ ਵਿਚ ਮੱਕੀ ਦੀ ਫ਼ਸਲ ਦਾ ਮੁੱਖ ਕੀੜਾ ਬਣ ਗਿਆ ਹੈ । ਇਸ ਕੀੜੇ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ । ਇਸ ਦੀ ਰੋਕਥਾਮ ਲਈ ਹੇਠ ਲਿਖੇ ਨੁਕਤੇ ਅਪਣਾਓ...

ਇਸ ਕੀੜੇ ਦੇ ਵਾਧੇ ਅਤੇ ਫਲਾਅ ਨੂੰ ਸੀਮਤ ਕਰਨ ਲਈ ਮੱਕੀ ਦੀ ਬਿਜਾਈ ਸਿਰਫ ਸ਼ਿਫ਼ਾਰਸ਼ ਸਮੇਂ 30 ਜੂਨ ਤੱਕ ਹੀ ਕਰੋ । ਨਾਲ ਵਾਲੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਰਫ਼ੇ ਤੇ ਨਾ ਕਰੋ ਤਾਂ ਜੋ ਕੀੜੇ ਦਾ ਫਲਾਅ ਘਟਾਇਆ ਜਾ ਸਕੇ ।

ਚਾਰੇ ਲਈ ਸਿਫ਼ਾਰਸ਼ ਕੀਤੀ ਬੀਜ ਦੀ ਮਾਤਰਾ (30 ਕਿੱਲੋ ਪ੍ਰਤੀ ਏਕੜ) ਨਾਲ ਕਤਾਰਾਂ ਵਿੱਚ ਬਿਜਾਈ ਕਰੋ ।

ਚਾਰੇ ਵਾਲੀ ਮੱਕੀ ਵਿੱਚ ਬਾਜਰਾ/ਰਵਾਂਹ/ਜੁਆਰ ਰਲਾ ਕੇ ਬੀਜਣ ਨੂੰ ਤਰਜੀਹ ਦਿਉ ।

ਸਹੀ ਮਿਕਦਾਰ ਵਿੱਚ ਖਾਦਾਂ ਅਤੇ ਪਾਣੀ ਦੀ ਵਰਤੋਂ ਕਰੋ ।

## ਮੱਕੀ ਦੀ ਫ਼ਸਲ ਦੀਆਂ ਮੁੱਖ ਬੀਮਾਰੀਆਂ

**ਬੀਜ ਸੜਨਾ ਤੇ ਪੌਦਾ ਝੁਲਸਣਾ** : ਇਸ ਬਿਮਾਰੀ ਦੇ ਹਮਲੇ ਕਰ ਕੇ ਬੀਜ ਘੱਟ ਉੱਗਦਾ ਹੈ। ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਛੋਟੇ ਪੌਦੇ ਮਰਨੇ ਸ਼ੁਰੂ ਹੋ ਜਾਂਦੇ ਹਨ ।

**ਭੂਰੀ ਜਾਲੇਦਾਰ ਉੱਲੀ** : ਬੀਮਾਰੀ ਦੇ ਹਮਲੇ ਨਾਲ ਪੱਤਿਆਂ ਦੀਆਂ ਨਾੜੀਆਂ ਦੇ ਵਿਚਕਾਰਲੇ ਹਿੱਸੇ ਵਿੱਚ ਨੇੜੇ-ਤੇੜੇ ਭੂਰੀਆਂ ਧਾਰੀਆਂ ਪੈ ਜਾਂਦੀਆਂ ਹਨ । ਧਿਆਨ ਨਾਲ ਵੇਖਣ 'ਤੇ ਧਾਰੀਆਂ ਦੇ ਥੱਲੇ ਪੱਤੇ ਦੇ ਦੂਜੇ ਪਾਸੇ ਚਿੱਟੀ ਉੱਲੀ ਵੀ ਨਜ਼ਰ ਆਉਂਦੀ ਹੈ । ਇਸ ਬਿਮਾਰੀ ਦੀ ਉੱਲੀ ਤੱਕੜੀ ਘਾਹ 'ਤੇ ਪਲਦੀ ਹੈ ।

**ਟਾਂਡੇ ਗਲ਼ਣਾ** : ਇਸ ਬੀਮਾਰੀ ਦੇ ਹਮਲੇ ਨਾਲ ਤਣੇ ਤੇ ਪਾਣੀ ਭਿੱਜੇ ਨਿਸ਼ਾਨ ਪੈ ਜਾਂਦੇ ਹਨ ਅਤੇ ਹੌਲੀ-ਹੌਲੀ ਤਣੇ ਦਾ ਹੇਠਲਾ ਹਿੱਸਾ ਵੀ ਗਲਣਾ ਸ਼ੁਰੂ ਹੋ ਜਾਂਦਾ ਹੈ । ਤਣੇ ਦਾ ਗਲਣਾ ਬਹੁਤ ਤੇਜ਼ੀ ਨਾਲ ਵਧਦਾ ਹੋਇਆ ਕਾਫ਼ੀ ਹਿੱਸੇ ਤੱਕ ਫੈਲ ਜਾਂਦਾ ਹੈ । ਤਣੇ ਦੇ ਬਾਹਰੀ ਭਾਗ ਦਾ ਕੁਦਰਤੀ ਹਰਾਪਨ ਖਤਮ ਹੋ ਜਾਂਦਾ ਹੈ ਤੇ ਉਹ ਪਾਣੀ ਵਿਚ ਉਬਾਲਿਆ ਲੱਗਦਾ ਹੈ । ਗਲਿਆ ਹੋਇਆ ਤਣਾ ਬਦਬੂ ਮਾਰਦਾ ਹੈ ਤੇ ਮੁੱਢ ਤੋਂ ਦੂਜੀ ਜਾਂ ਤੀਜੀ ਗੰਢ ਦੇ ਵਿਚਕਾਰੋਂ ਟੁੱਟ ਵੀ ਸਕਦਾ

ਬਾਕੀ ਸਫਾ 11 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

---

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 43 ਅੰਕ 33**
**ਮਿਤੀ 16-08-2025**

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਦੇਸ਼ ਵਿੱਚ ਖੇਤੀ ਉਤਪਾਦਨ ਵਿੱਚ ਹੋ ਰਿਹਾ ਹੈ ਤੇਜ਼ ਵਾਧਾ



**ਸ਼ਿਵਰਾਜ ਸਿੰਘ ਚੌਹਾਨ, ਕੇਂਦਰੀ ਖੇਤੀਬਾੜੀ,**
**ਕਿਸਾਨ ਭਲਾਈ ਤੇ ਪੇਂਡੂ ਵਿਕਾਸ ਮੰਤਰੀ, ਭਾਰਤ ਸਰਕਾਰ**



ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਵਿੱਚ ਨਿਰੰਤਰ ਸੁਧਾਰਾਂ ਤੇ ਕਿਸਾਨ-ਕੇਂਦ੍ਰਿਤ ਪਹਿਲਕਦਮੀਆਂ ਨਾਲ ਖੇਤੀਬਾੜੀ ਖੇਤਰ ਵਿੱਚ ਲਗਾਤਾਰ ਉੱਨਤੀ ਹੋਈ ਹੈ ਅਤੇ ਦੇਸ਼ ਨੇ ਝੋਨਾ, ਕਣਕ, ਮੱਕੀ, ਮੂੰਗਫਲੀ ਅਤੇ ਸੋਇਆਬੀਨ ਦਾ ਰਿਕਾਰਡਤੋੜ ਉਤਪਾਦਨ ਕੀਤਾ ਹੈ। ਖੇਤੀਬਾੜੀ ਵਰ੍ਹੇ 2024-25 ਲਈ ਪ੍ਰਮੁੱਖ ਖੇਤੀਬਾੜੀ ਫ਼ਸਲ ਉਤਪਾਦਨ ਦੇ ਤੀਜੇ ਅਗਾਊਂ ਅਨੁਮਾਨਾਂ ਅਨੁਸਾਰ ਸਾਲ 2024-25 ਦੌਰਾਨ ਕੁੱਲ ਅਨਾਜ ਉਤਪਾਦਨ 35 ਕਰੋੜ 40 ਲੱਖ ਟਨ ਹੋਣ ਦਾ ਅਨੁਮਾਨ ਹੈ ਜੋ ਹੁਣ ਤੱਕ ਦਾ ਸਭ ਤੋਂ ਵੱਧ ਅਨਾਜ ਉਤਪਾਦਨ ਹੋਵੇਗਾ ਅਤੇ ਸਾਲ 2014-15 (25 ਕਰੋੜ 20 ਲੱਖ ਟਨ) ਦੇ ਮੁਕਾਬਲੇ 40 ਫ਼ੀਸਦੀ ਵੱਧ ਹੋਵੇਗਾ। 1960 ਦੇ ਦਹਾਕੇ ਤੋਂ ਪਹਿਲਾਂ ਦੀ ਖੜੋਤ ਤੇ ਭੋਜਨ ਅਸੁਰੱਖਿਆ ਨੂੰ ਪਿੱਛੇ ਛੱਡਦੇ ਹੋਏ ਅੱਜ ਭਾਰਤੀ ਖੇਤੀਬਾੜੀ ਭੋਜਨ ਦੇ ਮਾਮਲੇ ਵਿੱਚ ਘਰੇਲੂ ਲੋੜਾਂ ਤੋਂ ਵੱਧ ਉਤਪਾਦਨ ਕਰਨ ਦੀ ਸਥਿਤੀ ਵਿੱਚ ਆ ਗਈ ਹੈ ਜਿਸ ਨਾਲ ਮਾਲਥੁਸੀਅਨ ਦੀ ਉਹ ਧਾਰਨਾ ਗਲਤ ਸਾਬਤ ਹੁੰਦੀ ਹੈ ਕਿ ਆਜ਼ਾਦੀ ਦਾ ਵਾਧਾ, ਭੋਜਨ ਉਤਪਾਦਨ ਤੋਂ ਜ਼ਿਆਦਾ ਹੋ ਜਾਵੇਗਾ। 1967 ਵਿੱਚ ਵਿਲੀਅਮ ਤੇ ਪੌਲ ਪੈਡੌਕ ਨੇ ਭਾਰਤ ਵਿੱਚ ਅਕਾਲ ਦੀ ਭਵਿੱਖਬਾਣੀ ਕੀਤੀ ਸੀ। ਉਨ੍ਹਾਂ ਦਾ ਦਾਅਵਾ ਸੀ ਕਿ ਦੇਸ਼ ਆਪਣੀ ਵਧਦੀ ਆਬਾਦੀ ਦਾ ਢਿੱਡ ਨਹੀਂ ਭਰ ਸਕੇਗਾ। ਉਨ੍ਹਾਂ ਨੇ ਭੋਜਨ ਸਹਾਇਤਾ ਦੇ ਖ਼ਿਲਾਫ਼ ਵਿਵਾਦਪੂਰਨ ਦਲੀਲ ਦਿੱਤੀ ਸੀ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਇਸ ਨਾਲ ਭਵਿੱਖ ਵਿੱਚ ਭੁੱਖਮਰੀ ਹੋਰ ਵਧੇਗੀ। ਪਰ ਉੱਚ-ਉਪਜ ਦੇਣ ਵਾਲੇ ਚੌਲਾਂ ਤੇ ਕਣਕ ਦੀਆਂ ਕਿਸਮਾਂ, ਖੇਤੀਬਾੜੀ ਰਸਾਇਣਾਂ ਅਤੇ ਸਿੰਚਾਈ ਦੁਆਰਾ ਸੰਚਾਲਿਤ ਹਰੀ ਕ੍ਰਾਂਤੀ ਨੇ ਪੈਡੌਕ ਦੀ ਭਵਿੱਖਬਾਣੀ ਨੂੰ ਗਲਤ ਸਾਬਤ ਕਰ ਦਿੱਤਾ। ਭਾਰਤ ਦਾ ਅਨਾਜ ਉਤਪਾਦਨ 1966-67 ਵਿੱਚ 7 ਕਰੋੜ 40 ਲੱਖ ਟਨ ਤੋਂ ਵੱਧ ਕੇ 1979-80 ਤੱਕ 13 ਕਰੋੜ ਟਨ ਹੋ ਗਿਆ ਸੀ ਜੋ 81 ਲੱਖ ਟਨ ਸਾਲਾਨਾ ਵਾਧੇ ਨਾਲ ਸਾਲ 2014-2025 ਵਿੱਚ ਸਿਖ਼ਰ ਨੂੰ ਛੋਹਦਿਆਂ 35 ਕਰੋੜ 40 ਲੱਖ ਟਨ ਪਹੁੰਚ ਗਿਆ ਹੈ। ਬਾਗਬਾਨੀ ਫ਼ਸਲਾਂ ਵੀ 1960 ਦੇ ਦਹਾਕੇ ਵਿਚ 4 ਕਰੋੜ ਟਨ ਤੋਂ ਵਧ ਕੇ 2024-25 ਵਿੱਚ 33 ਕਰੋੜ 40 ਲੱਖ ਟਨ ਹੋ ਗਈਆਂ, ਜਿਨ੍ਹਾਂ ਵਿੱਚ 75 ਲੱਖ ਟਨ ਸਾਲਾਨਾ ਦਾ ਵਾਧਾ ਹੋਇਆ ਹੈ। ਪ੍ਰਤੀਕੂਲ ਹਾਲਤਾਂ ਨੂੰ ਸਹਿਣ ਕਰਨਯੋਗ ਸਮਰੱਥ ਕਿਸਮਾਂ ਤੋਂ ਅਨੁਕੂਲ ਖੇਤੀਬਾੜੀ ਅਭਿਆਸਾਂ ਵਿੱਚ ਤਰੱਕੀ ਦੇ ਚੱਲਦਿਆਂ ਫ਼ਸਲ ਉਤਪਾਦਨ ਵਿੱਚ ਵਧੇਰੇ ਸਥਿਰਤਾ ਆਈ ਹੈ। ਭਾਰਤ ਦੇ ਡੇਅਰੀ, ਮੁਰਗੀ ਪਾਲਣ ਤੇ ਮੱਛੀ ਪਾਲਣ ਖੇਤਰਾਂ ਵਿੱਚ ਵੀ ਜ਼ਿਕਰਯੋਗ ਵਾਧਾ ਹੋਇਆ ਹੈ। 1970 ਦੇ ਦਹਾਕੇ ਵਿੱਚ ਸ਼ੁਰੂ ਹੋਈ ਚਿੱਟੀ ਕ੍ਰਾਂਤੀ ਨੇ ਦੁੱਧ ਉਤਪਾਦਨ ਨੂੰ 2 ਕਰੋੜ ਟਨ ਤੋਂ ਵਧਾ ਕੇ 2023-24 ਤੱਕ 23 ਕਰੋੜ 90 ਲੱਖ ਟਨ ਤੱਕ ਪਹੁੰਚਾ ਦਿੱਤਾ ਹੈ, ਜੋ ਪੂਰੇ ਯੂਰਪ ਦੇ ਬਰਾਬਰ ਹੈ। 1980 ਦੇ ਦਹਾਕੇ ਵਿੱਚ ਸ਼ੁਰੂ ਹੋਈ ਨੀਲੀ ਕ੍ਰਾਂਤੀ ਦੌਰਾਨ ਮੱਛੀ ਉਤਪਾਦਨ 24 ਲੱਖ ਟਨ ਸੀ, ਜੋ 2024-25 ਤੱਕ ਵਧ ਕੇ 1 ਕਰੋੜ 95 ਲੱਖ ਟਨ ਹੋ ਗਿਆ ਹੈ ਅਤੇ ਇਸ ਨਾਲ ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਸਮੁੰਦਰੀ ਭੋਜਨ ਉਤਪਾਦਕ ਤੇ ਨਿਰਯਾਤਕ ਬਣ ਗਿਆ ਹੈ। ਮੁਰਗੀ ਪਾਲਣ ਇੱਕ ਘਰੇਲੂ ਸਰਗਰਮੀ ਤੋਂ ਅੱਗੇ ਵਧ ਕੇ ਉਦਯੋਗ ਦਾ ਰੂਪ ਧਾਰਨ ਕਰ ਚੁੱਕਾ ਹੈ, ਹੁਣ ਅੰਡਿਆਂ ਦਾ ਉਤਪਾਦਨ 10 ਅਰਬ ਤੋਂ ਵਧ ਕੇ 143 ਅਰਬ ਹੋ ਗਿਆ ਹੈ। ਇਸ ਦੌਰਾਨ ਮੁਰਗੀ ਦੇ ਮਾਸ ਦਾ ਉਤਪਾਦਨ 1 ਲੱਖ 13 ਹਜ਼ਾਰ ਟਨ ਤੋਂ ਵਧ ਕੇ 50 ਲੱਖ 19 ਹਜ਼ਾਰ ਟਨ ਹੋ ਗਿਆ ਹੈ। 2014-15 ਤੇ 2023-24 ਦੇ ਵਿਚਕਾਰ ਜਾਨਵਰਾਂ ਤੋਂ ਪ੍ਰਾਪਤ ਭੋਜਨ ਦੇ ਉਤਪਾਦਨ ਵਿੱਚ ਬੇਮਿਸਾਲ ਵਾਧਾ ਹੋਇਆ ਹੈ। ਦੁੱਧ ਵਿੱਚ ਸਾਲਾਨਾ 1 ਕਰੋੜ 20 ਟਨ, ਅੰਡਿਆਂ ਵਿੱਚ 6.8 ਅਰਬ ਇਕਾਈ, ਬ੍ਰਾਇਲਰ ਮਾਸ ਵਿੱਚ 2 ਲੱਖ 17 ਹਜ਼ਾਰ ਟਨ ਅਤੇ ਮੱਛੀ (ਮੁੱਖ ਤੌਰ 'ਤੇ ਜਲ ਖੇਤੀ) ਵਿੱਚ 7 ਲੱਖ 80 ਹਜ਼ਾਰ ਟਨ ਦਾ ਵਾਧਾ ਹੋਇਆ। ਸਰੋਤ ਪ੍ਰਬੰਧਨ ਤੇ ਹੁਨਰਮੰਦ ਮਨੁੱਖੀ ਸ਼ਕਤੀ ਵਿੱਚ ਤਕਨੀਕੀ ਤਰੱਕੀ ਨੇ ਇਸ ਤੇਜ਼ ਵਾਧੇ ਨੂੰ ਗਤੀ ਦਿੱਤੀ ਹੈ। ਫ਼ਲ, ਸਬਜ਼ੀਆਂ ਅਤੇ ਪਸ਼ੂ ਉਤਪਾਦਾਂ ਜਿਹੇ ਉੱਚ-ਮੁੱਲ ਵਾਲੇ ਭੋਜਨ ਪਦਾਰਥ ਹੁਣ ਅਨਾਜ ਦੇ ਵਾਧੇ ਤੋਂ ਵੀ ਅੱਗੇ ਨਿਕਲ ਰਹੇ ਹਨ।

ਭਾਰਤ ਦੀ ਭੋਜਨ ਉਤਪਾਦਨ ਸਫ਼ਲਤਾ ਪੋਸ਼ਣ, ਕਿਸਾਨਾਂ ਦੀ ਆਮਦਨ, ਜਲਵਾਯੂ ਪ੍ਰਤੀ ਲਚਕੀਲੇਪਣ ਤੇ ਨਿਰਯਾਤ ਨੂੰ ਵਧਾਉਣ ਵਿੱਚ ਟੈਕਨੋਲੋਜੀ ਤੇ ਨੀਤੀ ਦੀ ਪਰਿਵਰਤਨਸ਼ੀਲ ਭੂਮਿਕਾ ਨੂੰ ਦਰਸਾਉਂਦੀ ਹੈ। ਆਈ. ਸੀ. ਏ. ਆਰ. ਦੀ ਖੋਜ ਤੋਂ ਪਤਾ ਲੱਗਦਾ ਹੈ ਕਿ ਖੇਤੀਬਾੜੀ ਵਿੱਚ ਨਿਵੇਸ਼ ਕਰਨ ਨਾਲ ਉੱਚ ਆਮਦਨ ਪ੍ਰਾਪਤ ਹੁੰਦੀ ਹੈ - ਖੇਤੀ ਖੋਜ ਤੇ ਵਿਸਥਾਰ 'ਤੇ ਖਰਚ ਕੀਤੇ ਹਰੇਕ ਰੁਪਏ 'ਤੇ ਕ੍ਰਮਵਾਰ 13.85 ਰੁਪਏ ਤੇ 7.40 ਰੁਪਏ ਪ੍ਰਾਪਤ ਹੁੰਦੇ ਹਨ। ਪੀ. ਐੱਮ. ਕੇ. ਐੱਸ. ਵਾਈ. (ਸਿੰਚਾਈ), ਪੀ. ਐੱਮ- ਕਿਸਾਨ (ਸਿੱਧੀ ਕਿਸਾਨ ਸਹਾਇਤਾ), ਰਾਸ਼ਟਰੀ ਪਸ਼ੂਧਨ ਮਿਸ਼ਨ ਅਤੇ ਨੀਲੀ ਕ੍ਰਾਂਤੀ ਜਿਹੀਆਂ ਹਾਲੀਆ ਸਰਕਾਰੀ ਪਹਿਲਕਦਮੀਆਂ ਨੇ ਸਰੋਤਾਂ ਦੀ ਵਰਤੋਂ ਨੂੰ ਵਧਾ ਕੇ, ਜੋਖਮਾਂ ਨੂੰ ਘੱਟ ਕਰ ਕੇ ਅਤੇ ਖੇਤੀਬਾੜੀ-ਭੋਜਨ ਪ੍ਰਣਾਲੀ ਵਿੱਚ ਟੈਕਨੋਲੋਜੀ ਅਪਣਾਉਣ ਨੂੰ ਹੁਲਾਰਾ ਦੇ ਕੇ ਖੇਤੀਬਾੜੀ ਵਿਕਾਸ ਨੂੰ ਹੋਰ ਮਜ਼ਬੂਤੀ ਦਿੱਤੀ ਹੈ।


ਭਾਰਤ ਨੇ 2047 ਤੱਕ ਵਿਕਸਿਤ ਰਾਸ਼ਟਰ ਬਣਨ ਦਾ ਟੀਚਾ ਰੱਖਿਆ ਹੈ, ਇਸ ਲਈ ਇਸ ਦੀ ਅਰਥਵਿਵਸਥਾ ਨੂੰ ਸਾਲਾਨਾ 7.8 ਫ਼ੀਸਦੀ ਦੀ ਦਰ ਨਾਲ ਅੱਗੇ ਵਧਣਾ ਚਾਹੀਦਾ ਹੈ। 2047 ਤੱਕ ਦੇਸ਼ ਦੀ ਆਬਾਦੀ 160 ਕਰੋੜ ਹੋਣ ਦਾ ਅਨੁਮਾਨ ਹੈ, ਜਿਸ ਵਿੱਚੋਂ ਅੱਧੀ ਆਬਾਦੀ ਸ਼ਹਿਰੀ ਖੇਤਰਾਂ ਵਿੱਚ ਰਹਿੰਦੀ ਹੋਵੇਗੀ। ਬਦਲਾਅ ਨਾਲ ਅਨਾਜ ਦੀ ਕੁੱਲ ਮੰਗ ਦੁੱਗਣੀ ਹੋ ਜਾਵੇਗੀ। ਫ਼ਲਾਂ, ਸਬਜ਼ੀਆਂ ਤੇ ਪਸ਼ੂਆਂ-ਆਧਾਰਿਤ ਭੋਜਨ ਪਦਾਰਥਾਂ ਦੀ ਮੰਗ ਤਿੰਨ ਗੁਣਾ ਹੋਣ ਦੀ ਉਮੀਦ ਹੈ, ਜਦਕਿ ਅਨਾਜ ਦੀ ਮੰਗ ਸਥਿਰ ਰਹਿਣ ਕਰਕੇ ਸਰਪਲੱਸ ਦੀ ਸਥਿਤੀ ਬਣੀ ਰਹੇਗੀ। ਹਾਲਾਂਕਿ ਵਧਦੇ ਸ਼ਹਿਰੀਕਰਨ ਅਤੇ ਉਦਯੋਗੀਕਰਨ ਕਾਰਨ ਖੇਤੀਬਾੜੀ ਜ਼ਮੀਨ 18 ਕਰੋੜ ਹੈਕਟੇਅਰ ਤੋਂ ਘਟ ਕੇ 17.6 ਕਰੋੜ ਹੈਕਟੇਅਰ ਅਤੇ ਔਸਤ ਜ਼ਮੀਨੀ ਹਿੱਸੇਦਾਰੀ 1 ਤੋਂ ਘਟ ਕੇ 0.6 ਹੈਕਟੇਅਰ ਰਹਿ ਜਾਵੇਗੀ। ਇਸ ਨਾਲ ਪਾਣੀ ਤੇ ਖੇਤੀ ਰਸਾਇਣਾਂ 'ਤੇ ਦਬਾਅ ਵਧੇਗਾ, ਜਿਸ ਨਾਲ ਸਰੋਤਾਂ ਦੇ ਪਤਨ ਦਾ ਖ਼ਤਰਾ ਹੋਵੇਗਾ। ਜਲਵਾਯੂ ਪਰਿਵਰਤਨ ਹੋਰ ਵੀ ਵੱਡਾ ਜੋਖ਼ਮ ਹੈ ਜੋ ਟਿਕਾਊ ਖੇਤੀਬਾੜੀ ਤੇ ਪੇਂਡੂ ਰੋਜ਼ੀ-ਰੋਟੀ ਨੂੰ ਖ਼ਤਰੇ ਵਿੱਚ ਪਾਉਂਦਾ ਹੈ। ਭਾਰਤ ਦੀਆਂ ਉੱਭਰਦੀਆਂ ਖੇਤੀਬਾੜੀ-ਭੋਜਨ ਚੁਣੌਤੀਆਂ, ਉਤਪਾਦਨ ਰਣਨੀਤੀਆਂ ਵਿਚ ਬਦਲਾਅ ਦੀ ਮੰਗ ਕਰਦੀਆਂ ਹਨ। ਹਰ ਸਾਲ 2 ਕਰੋੜ ਟਨ ਚੌਲ ਪੈਦਾ ਹੁੰਦੇ ਹਨ। ਇਨ੍ਹਾਂ ਦੀ ਖੇਤੀ ਲਈ ਵਧੇਰੇ ਮਾਤਰਾ ਵਿੱਚ ਪਾਣੀ ਦੀ ਜ਼ਰੂਰਤ ਹੁੰਦੀ ਹੈ, ਇਸ ਕਾਰਨ ਜ਼ਮੀਨ ਹੇਠਲੇ ਪਾਣੀ ਦੀ ਟਿਕਾਊ ਉਪਲਬਧਤਾ ਖ਼ਤਰੇ ਵਿੱਚ ਹੈ। ਇਸ ਦੌਰਾਨ ਭਾਰਤ ਖਾਣ ਵਾਲੇ ਤੇਲਾਂ ਤੇ ਦਾਲਾਂ ਦੇ ਆਯਾਤ 'ਤੇ ਬਹੁਤ ਜ਼ਿਆਦਾ ਨਿਰਭਰ ਹੈ। ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ, ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਨ ਤੇ ਸਰੋਤਾਂ ਦੀ ਸੰਭਾਲ ਕਰਨ ਲਈ, ਫ਼ਸਲੀ ਯੋਜਨਾਬੰਦੀ ਦੇ ਨਾਲ-ਨਾਲ ਅਜਿਹੇ ਅਮਲਾਂ ਦੀ ਲੋੜ ਹੈ ਕਿ ਘੱਟ ਝਾੜ ਬੀਜਾਂ ਤੇ ਦਾਲਾਂ ਵਰਗੀਆਂ ਪਾਣੀ ਬਚਾਉਣ ਵਾਲੀਆਂ ਫ਼ਸਲਾਂ ਨੂੰ ਤਰਜੀਹ ਦਿੱਤੀ ਜਾਵੇ।

ਵੱਖ-ਵੱਖ ਕਾਰਨਾਂ ਕਰਕੇ ਹੋਰ ਫ਼ਸਲਾਂ ਲਈ ਵਰਤੀ ਜਾਣ ਵਾਲੀ 1 ਕਰੋੜ 20 ਲੱਖ ਹੈਕਟੇਅਰ ਜ਼ਮੀਨ 'ਤੇ ਭਾਰਤ ਦਾਲਾਂ ਤੇ ਤੇਲ ਬੀਜਾਂ ਦੀ ਖੇਤੀ ਦਾ ਵਿਸਥਾਰ ਕਰ ਸਕਦਾ ਹੈ। ਹਾਲਾਂਕਿ ਤੇਲ ਬੀਜਾਂ ਦਾਲਾਂ ਤਕਨੀਕੀ ਅਪਗ੍ਰੇਡੇਸ਼ਨ ਦੀ ਜ਼ਰੂਰਤ ਨੂੰ ਉਜਾਗਰ ਕਰਦਾ ਹੈ। ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ (ਵੀ. ਕੇ. ਐੱਸ. ਏ.) ਦੇਸ਼ ਦੇ 728 ਜ਼ਿਲ੍ਹਿਆਂ ਵਿੱਚ 1.35 ਕਰੋੜ ਕਿਸਾਨਾਂ ਤੱਕ ਪਹੁੰਚਿਆ ਹੈ। ਕਿਸਾਨਾਂ-ਵਿਗਿਆਨੀਆਂ ਵਿਚਾਲੇ ਸਿੱਧੀ ਗੱਲਬਾਤ ਜ਼ਰੀਏ ਬਿਹਤਰ ਖੇਤੀ ਅਭਿਆਸਾਂ ਨੂੰ ਹੁਲਾਰਾ ਮਿਲਿਆ ਹੈ। ਉਤਪਾਦਨ ਨੂੰ ਵਧਾਉਣ ਦੇ ਆਯਾਤ ਨੂੰ ਘਟਾਉਣ ਲਈ ਸਰਕਾਰ ਨੇ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਹਨ, ਜੋ ਤੇਲ ਬੀਜਾਂ, ਦਾਲਾਂ ਤੇ ਕਪਾਹ ਦੇ ਉੱਚ-ਉਪਜ ਵਾਲੇ ਬੀਜਾਂ 'ਤੇ ਕੇਂਦ੍ਰਿਤ ਹਨ। ਖੇਤੀਬਾੜੀ ਖੋਜ ਵਿੱਚ ਲਾਗਤ ਘੱਟ ਕਰਨ ਅਤੇ ਜੋਖਮਾਂ ਦਾ ਪ੍ਰਬੰਧਨ ਕਰਦੇ ਹੋਏ ਉਤਪਾਦਕਤਾ, ਲਚਕੀਲਾਪਣ ਤੇ ਸਰੋਤ ਕੁਸ਼ਲਤਾ ਨੂੰ ਵਧਾਉਣ ਦੀਆਂ ਅਥਾਹ ਸੰਭਾਵਨਾਵਾਂ ਹਨ। ਸਮੇਂ ਸਿਰ ਜਾਣਕਾਰੀ ਦੀ ਵੱਧਦੀ ਮੰਗ ਨਾਲ, ਮਸਨੂਈ ਬੁੱਧ (ਏ. ਆਈ.) ਤੇ ਡੇਟਾ ਵਿਸ਼ਲੇਸ਼ਣ ਵਰਗੇ ਆਧੁਨਿਕ ਉਪਕਰਣ ਵਿਸ਼ਵਵਿਆਪੀ ਖੇਤੀਬਾੜੀ ਖੋਜ ਵਿੱਚ ਬਦਲਾਅ ਲਿਆ ਰਹੇ ਹਨ। ਭਾਰਤ ਵਰਤਮਾਨ ਵਿੱਚ ਖੋਜ ਤੇ ਵਿਕਾਸ ਵਿੱਚ ਸਾਲਾਨਾ 116 ਅਰਬ ਰੁਪਏ (ਖੇਤੀਬਾੜੀ-ਜੀ. ਡੀ. ਪੀ. ਦਾ 0.5 ਫ਼ੀਸਦੀ) ਦਾ ਨਿਵੇਸ਼ ਕਰਦਾ ਹੈ, ਇਸ ਦੇ ਨਾਲ ਹੀ ਫੰਡਿੰਗ ਵਧਾਉਣ ਤੇ ਮੰਗ-ਆਧਾਰਿਤ ਨਜ਼ਰੀਆ ਅਪਣਾਉਣ ਦੀਆਂ ਯੋਜਨਾਵਾਂ ਵੀ ਤਿਆਰ ਕੀਤੀਆਂ ਗਈਆਂ ਹਨ। ਖੇਤੀ ਵਿਗਿਆਨ ਕੇਂਦਰਾਂ, ਰਾਜ ਵਿਸਥਾਰ ਪ੍ਰਣਾਲੀਆਂ ਅਤੇ ਕੇਂਦਰ-ਰਾਜ ਤਾਲਮੇਲ ਮਜ਼ਬੂਤ ਕਰਨ ਨਾਲ ਖੋਜ ਕਿਸਾਨਾਂ ਨਾਲ ਹੋਰ ਵੀ ਡੂੰਘਾਈ ਨਾਲ ਜੁੜ ਸਕੇਗੀ। ਇਕ ਰਾਸ਼ਟਰ, ਇਕ ਖੇਤੀਬਾੜੀ, ਇਕ ਟੀਮ-ਨਜ਼ਰੀਏ ਦੇ ਤਹਿਤ, ਆਈ. ਸੀ. ਏ. ਆਰ. ਦੇ ਨੋਡਲ ਅਧਿਕਾਰੀ ਵਿਕਸਿਤ ਭਾਰਤ ਨੂੰ ਸਮਰਥਨ ਦੇਣ ਲਈ ਰਾਜ-ਪੱਧਰੀ ਕਾਰਜ ਯੋਜਨਾਵਾਂ ਦਾ ਮਾਰਗਦਰਸ਼ਨ ਕਰ ਰਹੇ ਹਨ।













# ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਮੁੜ ਬਣੀ ਦੇਸ਼ ਦੀ ਸਭ ਤੋਂ ਵਧੀਆ ਯੂਨੀਵਰਸਿਟੀ

ਪੀ ਏ ਯੂ ਕੇਵਲ ਦੇਸ਼ ਦੀ ਹੀ ਸਭ ਤੋਂ ਵਧੀਆ ਯੂਨੀਵਰਸਿਟੀ ਨਹੀਂ ਹੈ ਸਗੋਂ ਇਸ ਦਾ ਸ਼ੁਮਾਰ ਸੰਸਾਰ ਦੀਆਂ 100 ਚੋਟੀ ਦੀਆਂ ਖੇਤੀ ਸੰਸਥਾਵਾਂ ਵਿੱਚ ਹੋ ਗਿਆ ਹੈ । ਇਹ ਸਾਡੇ ਸਾਰਿਆਂ ਲਈ ਬਹੁਤ ਹੀ ਮਾਣ ਵਾਲੀ ਪ੍ਰਾਪਤੀ ਹੈ । ਅਸਲ ਵਿੱਚ ਜਦੋਂ ਤੋਂ ਇਹ ਯੂਨੀਵਰਸਿਟੀ ਹੋਂਦ ਵਿੱਚ ਆਈ ਹੈ, ਇਸ ਨੇ ਆਪਣੀ ਸਰਦਾਰੀ ਬਰਕਰਾਰ ਰੱਖੀ ਹੈ । ਇਸ ਦੀ ਸਥਾਪਨਾ 1962 ਵਿੱਚ ਹੋਈ ਪਰ ਇਸ ਦਾ ਰਸਮੀ ਉਦਘਾਟਨ ਉਦੋਂ ਦੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਨੇ 8 ਜੁਲਾਈ 1963 ਨੂੰ ਕੀਤਾ ਸੀ । ਦੇਸ਼ ਵਿੱਚ ਬਣਨ ਵਾਲੀ ਇਹ ਦੂਜੀ ਖੇਤੀ ਯੂਨੀਵਰਸਿਟੀ ਸੀ । ਪਹਿਲੀ ਯੂਨੀਵਰਸਿਟੀ ਯੂ. ਪੀ. ਵਿੱਚ ਪੰਤਨਗਰ ਵਿਖੇ ਬਣੀ ਸੀ । ਇਸ ਨੂੰ ਬਣਾਉਣ ਵਾਲੇ ਉਦੋਂ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਸਨ । ਉਨ੍ਹਾਂ ਬਿਨਾਂ ਕਿਸੇ ਸਿਆਸੀ ਦਖਲਅੰਦਾਜ਼ੀ ਦੇ ਇਸ ਨੂੰ ਵਧਣ ਫੁਲਣ ਵਿੱਚ ਪੂਰੀ ਖੁੱਲ੍ਹ ਦਿੱਤੀ ।



ਡਾ. ਰਣਜੀਤ ਸਿੰਘ

ਭਾਰਤ ਸਰਕਾਰ ਵੱਲੋਂ ਕੀਤੇ ਸਰਵੇਖਣ ਅਨੁਸਾਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਮੁੜ ਪਹਿਲੇ ਨੰਬਰ ਦੀ ਰਾਜ ਯੂਨੀਵਰਸਿਟੀ ਬਣੀ ਹੈ । ਦੇਸ਼ ਵਿੱਚ ਕੋਈ 78 ਰਾਜ ਖੇਤੀ ਯੂਨੀਵਰਸਿਟੀਜ਼ ਹਨ । ਪੀ ਏ ਯੂ ਕੇਵਲ ਦੇਸ਼ ਦੀ ਹੀ ਸਭ ਤੋਂ ਵਧੀਆ ਯੂਨੀਵਰਸਿਟੀ ਨਹੀਂ ਹੈ ਸਗੋਂ ਇਸ ਦਾ ਸ਼ੁਮਾਰ ਸੰਸਾਰ ਦੀਆਂ 100 ਚੋਟੀ ਦੀਆਂ ਖੇਤੀ ਸੰਸਥਾਵਾਂ ਵਿੱਚ ਹੋ ਗਿਆ ਹੈ । ਇਹ ਸਾਡੇ ਸਾਰਿਆਂ ਲਈ ਬਹੁਤ ਹੀ ਮਾਣ ਵਾਲੀ ਪ੍ਰਾਪਤੀ ਹੈ । ਅਸਲ ਵਿੱਚ ਜਦੋਂ ਤੋਂ ਇਹ ਯੂਨੀਵਰਸਿਟੀ ਹੋਂਦ ਵਿੱਚ ਆਈ ਹੈ, ਇਸ ਨੇ ਆਪਣੀ ਸਰਦਾਰੀ ਬਰਕਰਾਰ ਰੱਖੀ ਹੈ । ਇਸ ਦੀ ਸਥਾਪਨਾ 1962 ਵਿੱਚ ਹੋਈ ਪਰ ਇਸ ਦਾ ਰਸਮੀ ਉਦਘਾਟਨ ਉਦੋਂ ਦੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਨੇ 8 ਜੁਲਾਈ 1963 ਨੂੰ ਕੀਤਾ ਸੀ । ਦੇਸ਼ ਵਿੱਚ ਬਣਨ ਵਾਲੀ ਇਹ ਦੂਜੀ ਖੇਤੀ ਯੂਨੀਵਰਸਿਟੀ ਸੀ । ਪਹਿਲੀ ਯੂਨੀਵਰਸਿਟੀ ਯੂ. ਪੀ. ਵਿੱਚ ਪੰਤਨਗਰ ਵਿਖੇ ਬਣੀ ਸੀ । ਇਸ ਨੂੰ ਬਣਾਉਣ ਵਾਲੇ ਉਦੋਂ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਸਨ । ਉਨ੍ਹਾਂ ਬਿਨਾਂ ਕਿਸੇ ਸਿਆਸੀ ਦਖਲਅੰਦਾਜ਼ੀ ਦੇ ਇਸ ਨੂੰ ਵਧਣ ਫੁਲਣ ਵਿੱਚ ਪੂਰੀ ਖੁੱਲ੍ਹ ਦਿੱਤੀ । ਅਸਲ ਵਿੱਚ ਉਹ ਅਮਰੀਕੀ ਯੂਨੀਵਰਸਿਟੀ ਵਿਖੇ ਪੜ੍ਹ ਕੇ ਆਏ ਸਨ ਤੇ ਇਨ੍ਹਾਂ ਦੀ ਅਹਿਮੀਅਤ ਤੋਂ ਜਾਣੂ ਸਨ । ਯੂਨੀਵਰਸਿਟੀ ਨੂੰ ਪਹਿਲੇ ਨੰਬਰ ਉਤੇ ਰੱਖਣ ਵਿੱਚ ਭਾਵੇਂ ਵਿਗਿਆਨੀਆਂ ਤੇ ਕਰਮਚਾਰੀਆਂ ਦੀ ਮਿਹਨਤ ਜ਼ਿੰਮੇਵਾਰ ਹੈ ਪਰ ਸੁਚੱਜੀ ਅਗਵਾਈ ਦਾ ਵੀ ਮਹੱਤਵਪੂਰਨ ਯੋਗਦਾਨ ਹੁੰਦਾ ਹੈ । ਯੂਨੀਵਰਸਿਟੀ ਦਾ ਮੁੱਖ ਵਾਈਸ ਚਾਂਸਲਰ ਹੁੰਦਾ ਹੈ ਜਦੋਂ ਕਿ ਚਾਂਸਲਰ ਸੂਬੇ ਦਾ ਗਵਰਨਰ ਹੁੰਦਾ ਹੈ ।

ਯੂਨੀਵਰਸਿਟੀ ਨੂੰ ਚੋਟੀ ਤੇ ਰੱਖਣ ਵਾਲੇ ਜਿਨ੍ਹਾਂ 14 ਪ੍ਰਬੰਧਕਾਂ ਨੇ ਅਹਿਮ ਭੂਮਿਕਾ ਨਿਭਾਈ, ਉਨ੍ਹਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ । ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਸ੍ਰੀ ਪੀ ਐਨ ਥਾਪਰ ਸਨ ਜਿਹੜੇ ਇੱਕ ਆਈ ਸੀ ਐਸ ਅਫ਼ਸਰ ਸਨ । ਪੰਜਾਬ ਤੇ ਭਾਰਤ ਸਰਕਾਰ ਵਿੱਚ ਉੱਚੇ ਅਹੁਦਿਆਂ ਤੇ ਰਹੇ ਸਨ । ਉਹ ਬਹੁਤ ਹੀ ਸੂਝਵਾਨ ਤੇ ਅਨੁਸ਼ਾਸਨ ਦੇ ਪੱਕੇ ਸਨ । ਉਦੋਂ ਯੂਨੀਵਰਸਿਟੀ ਦੇ ਤਿੰਨ ਕੇਂਦਰ ਸਨ, ਲੁਧਿਆਣਾ, ਹਿਸਾਰ ਅਤੇ ਪਾਲਮਪੁਰ । ਇਸ ਕਰਕੇ ਉਨ੍ਹਾਂ ਆਪਣਾ ਦਫ਼ਤਰ ਚੰਡੀਗੜ੍ਹ ਰੱਖਿਆ ਹੋਇਆ ਸੀ । ਹੁਣ ਵੀ ਯੂਨੀਵਰਸਿਟੀ ਦਾ ਇੱਕ ਪੱਕਾ ਦਫ਼ਤਰ ਮੁਹਾਲੀ ਵਿਖੇ ਹੈ । ਜਦੋਂ ਯੂਨੀਵਰਸਿਟੀ ਬਣੀ ਤਾਂ ਇਕੋ ਇਕ ਖੇਤੀ ਕਾਲਜ ਸੀ । ਸਾਂਝੇ ਪੰਜਾਬ ਦੇ ਖੇਤੀ ਕਾਲਜ ਲਾਇਲਪੁਰ ਵਿਖੇ ਬਣਿਆ ਸੀ ਜਿਹੜਾ ਦੇਸ਼ ਵਿੱਚ ਬਣਨ ਵਾਲੇ ਪਹਿਲੇ ਚਾਰ ਕਾਲਜਾਂ ਵਿੱਚੋਂ ਇੱਕ ਸੀ । ਥਾਪਰ ਸਾਹਿਬ ਨੇ ਦੋ ਨਵੇਂ ਕਾਲਜ ਖੋਲ੍ਹੇ, ਖੇਤੀ ਇੰਜਨੀਅਰਿੰਗ ਕਾਲਜ ਅਤੇ ਹੋਮ ਸਾਇੰਸ ਕਾਲਜ । ਉਨ੍ਹਾਂ ਸਾਰੇ ਦੇਸ਼ ਵਿੱਚੋਂ ਕਾਬਲੀਅਤ ਦੇ ਆਧਾਰ ਉਤੇ ਮਾਹਿਰ ਭਰਤੀ ਕੀਤੇ । ਯੂਨੀਵਰਸਿਟੀ ਚਾਰ ਡੀਨਾਂ ਵਿੱਚੋਂ ਤਿੰਨ ਦੱਖਣੀ ਭਾਰਤ ਵਿੱਚੋਂ ਸਨ । ਉਨ੍ਹਾਂ ਹੀ ਯੂਨੀਵਰਸਿਟੀ ਦਾ ਪ੍ਰਬੰਧਕੀ ਕੰਪਲੈਕਸ ਬਣਾਇਆ ਜਿਸ ਦਾ ਪਿੱਛੋਂ ਥਾਪਰ ਹਾਲ ਨਾਮ ਰੱਖਿਆ ਗਿਆ । ਥਾਪਰ ਸਾਹਿਬ ਪਿੱਛੋਂ ਡਾ. ਮਹਿੰਦਰ ਸਿੰਘ ਰੰਧਾਵਾ ਨੇ ਯੂਨੀਵਰਸਿਟੀ ਦੀ ਬਾਗਡੋਰ ਸੰਭਾਲੀ । ਉਹ ਵੀ ਆਈ ਸੀ ਐਸ ਅਫ਼ਸਰ ਸਨ । ਅਸਲ ਵਿੱਚ ਲੁਧਿਆਣੇ ਖੇਤੀ ਕਾਲਜ ਅਤੇ ਯੂਨੀਵਰਸਿਟੀ ਬਣਾਉਣ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਸੀ । ਡਾ. ਰੰਧਾਵਾ ਭਾਵੇਂ ਥਾਪਰ ਵਾਂਗ ਸਖਤ ਨਹੀਂ ਸਨ ਪਰ ਉਨ੍ਹਾਂ ਨੂੰ ਕੰਮ ਲੈਣਾ ਆਉਂਦਾ ਸੀ । ਥਾਪਰ ਸਾਹਿਬ ਵੱਲੋਂ ਬਣਾਈ ਮਜ਼ਬੂਤ ਨੀਂਹ ਉਤੇ ਉਨ੍ਹਾਂ ਵਿਸ਼ਾਲ ਉਸਾਰੀ ਕਰਵਾਈ । ਉਨ੍ਹਾਂ ਦੋ ਨਵੇਂ ਕਾਲਜ ਬਣਾਏ । ਬੇਸਿਕ ਸਾਇੰਸਿਜ਼ ਅਤੇ ਵੈਟਨਰੀ ਕਾਲਜ । ਇਸ ਤੋਂ ਇਲਾਵਾ ਕਿਸਾਨਾਂ ਦੀ ਸਿਖਲਾਈ ਅਤੇ ਰਿਹਾਇਸ਼ ਲਈ ਵਧੀਆ ਕਿਸਾਨ ਘਰ ਦੀ ਉਸਾਰੀ ਕਰਵਾਈ ਜਿਸ ਦਾ ਨਾਮ ਕੈਰੋਂ ਕਿਸਾਨ ਘਰ ਰੱਖਿਆ । ਉਤਰੀ ਭਾਰਤ ਦੇ ਪਾਣੀਆਂ ਨੂੰ ਦਰਸਾਉਂਦਾ ਡਾ. ਉਪਲ ਤੋਂ ਅਜਾਇਬ ਘਰ ਬਣਵਾਇਆ । ਬਹੁਤ ਹੀ ਖ਼ੂਬਸੂਰਤ ਲਾਇਬ੍ਰੇਰੀ ਬਣਾਈ ਜਿਸ ਨੂੰ ਭਾਰਤ ਵਿੱਚ ਨਹੀਂ ਸੰਸਾਰ ਵਿੱਚ ਵਧੀਆ ਲਾਇਬ੍ਰੇਰੀ ਮੰਨਿਆ ਗਿਆ ਹੈ । ਖੇਤੀ ਵਿਕਾਸ ਕਾਰਨ ਪਿੰਡਾਂ ਵਿੱਚ ਰਹਿਣ ਸਹਿਣ ਵਿੱਚ ਬੜੀ ਤੇਜ਼ੀ ਨਾਲ ਤਬਦੀਲੀ ਆਈ । ਇਸ ਵਿਰਸੇ ਨੂੰ ਸੰਭਾਲਣ ਲਈ ਇਕ ਵਧੀਆ ਅਜਾਇਬ ਘਰ ਬਣਾਇਆ । ਖੇਤੀ ਖੋਜ ਨੂੰ ਕਿਸਾਨਾਂ ਤੱਕ ਪਹੁੰਚਾਉਣ ਲਈ ਸੰਚਾਰ ਕੇਂਦਰ ਬਣਾਇਆ । ਤਿੰਨ ਨਵੇਂ ਕੋਰਸ ਖੇਤੀ ਪੱਤਰਕਾਰੀ, ਬਿਜਨਿਸ ਪ੍ਰਬੰਧ ਅਤੇ ਬੀ ਐਡ ਸ਼ੁਰੂ ਕੀਤੇ ਤਾਂ ਜੋ ਖੇਤੀ ਪਿਛੋਕੜ ਵਾਲੇ ਇਨ੍ਹਾਂ ਖੇਤਰਾਂ ਲਈ ਮਾਹਿਰ ਤਿਆਰ ਕੀਤੇ ਜਾ ਸਕਣ । ਸੜਕਾਂ ਨੂੰ ਰੁੱਖਾਂ ਨਾਲ ਸ਼ਿੰਗਾਰਿਆ ਅਤੇ ਇਨ੍ਹਾਂ ਦੇ ਨਾਮ ਵੀ ਰੁੱਖਾਂ ਆਧਾਰਿਤ ਰੱਖੇ । ਸਾਰੇ ਘਰਾਂ ਵਿੱਚ ਫ਼ਲਦਾਰ ਬੂਟੇ ਲਗਵਾਏ । ਅੰਬ ਪੰਜਾਬ ਦਾ ਮੁੱਖ ਫ਼ਲ ਸੀ ਪਰ ਖੇਤੀ ਵਿਕਾਸ ਨਾਲ ਦੁਆਬੇ ਦੇ ਅੰਬ ਬਾਗ ਅਲੋਪ ਹੋਣ ਲੱਗ ਪਏ । ਇਨ੍ਹਾਂ ਚੂਪਣ ਵਾਲੇ ਅੰਬਾਂ ਦੀ ਸੰਭਾਲ ਲਈ ਖੋਜ ਕੇਂਦਰ ਬਣਾਇਆ ਅਤੇ ਉਥੇ ਕੋਈ 19 ਕਿਸਮਾਂ ਦੇ ਅੰਬ ਲਗਵਾਏ । ਭਾਰਤ ਸਰਕਾਰ ਨੇ ਉਨ੍ਹਾਂ ਦਾ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ।




ਡਾ. ਰੰਧਾਵਾ ਦੀ ਸਿਹਤ ਖਰਾਬ ਹੋ ਗਈ ਤੇ ਉਹ ਚਾਰ ਮਹੀਨਿਆਂ ਲਈ ਛੁੱਟੀ ਚਲੇ ਗਏ । ਉਨ੍ਹਾਂ ਦੀ ਥਾਂ ਡਾ. ਕੇ. ਕ੍ਰਿਪਾਲ ਸਿੰਘ ਜਿਹੜੇ ਡੀਨ ਪੀ ਜੀ ਸਨ ਤੇ ਪਹਿਲੇ ਡਾਇਰੈਕਟਰ ਪਸਾਰ ਸਿੱਖਿਆ ਸਨ, ਨੂੰ ਵਾਈਸ ਚਾਂਸਲਰ ਬਣਾਇਆ ਗਿਆ । ਮੋਗਾ ਕਾਂਡ ਪਿੱਛੋਂ ਲੰਬੇ ਸਮੇਂ ਤੋਂ ਚਲੇ ਵਿਦਿਆਰਥੀ ਅੰਦੋਲਨ ਨੂੰ ਸਮਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ । ਯੂਨੀਵਰਸਿਟੀ ਦੇ ਕੰਮਕਾਜ ਨੂੰ ਮੁੜ ਲੀਹਾਂ 'ਤੇ ਕੀਤਾ । ਉਨ੍ਹਾਂ ਯੂਨੀਵਰਸਿਟੀ ਦੇ ਪਸਾਰ ਢਾਂਚੇ ਨੂੰ ਮਜ਼ਬੂਤ ਕੀਤਾ ਤਾਂ ਜੋ ਹੋ ਰਹੀ ਖੋਜ ਨੂੰ ਤੇਜ਼ੀ ਨਾਲ ਸੁਚੱਜੇ ਢੰਗ ਨਾਲ ਕਿਸਾਨਾਂ ਤੱਕ ਪਹੁੰਚਾਇਆ ਜਾ ਸਕੇ । ਉਨ੍ਹਾਂ ਸਮੇਂ ਹੀ ਕਿਸਾਨ ਮੇਲੇ ਸ਼ੁਰੂ ਹੋਏ, ਕਿਸਾਨ ਘਰ ਬਣਿਆ ਤੇ ਕਿਸਾਨ ਅਤੇ ਕਰਮਚਾਰੀ ਸਿਖਲਾਈ ਦੀ ਮਜ਼ਬੂਤੀ ਹੋਈ । ਖੇਤੀ ਵਿਗਿਆਨ ਪਸਾਰ ਨਾਲ ਸੰਬੰਧਿਤ ਸਾਰੀਆਂ ਧਿਰਾਂ ਨੂੰ ਸਾਲ ਵਿੱਚ ਦੋ ਵਾਰ ਇੱਕ ਮੰਚ ਉਤੇ ਇਕੱਠੇ ਹੋਣ ਦੀ ਪਿਰਤ ਪਾਈ ਤਾਂ ਜੋ ਹਰੇਕ ਫ਼ਸਲ ਸੀਜ਼ਨ ਤੋਂ ਪਹਿਲਾਂ ਕਿਸਾਨਾਂ ਨੂੰ ਫ਼ਸਲਾਂ ਦੀ ਕਾਸ਼ਤ ਲਈ ਦੇਣ ਵਾਲੀਆਂ ਸ਼ਿਫਾਰਸ਼ਾਂ ਦਾ ਐਲਾਨ ਹੋ ਸਕੇ । ਇਨ੍ਹਾਂ ਸ਼ਿਫਾਰਸ਼ਾਂ ਨੂੰ ਕਿਤਾਬੀ ਰੂਪ ਵਿੱਚ ਪ੍ਰਕਾਸ਼ਿਤ ਕਰਨ ਦੀ ਪਿਰਤ ਪਾਈ ਤਾਂ ਜੋ ਕਿਸਾਨ ਨੂੰ ਹਰੇਕ ਵਸੀਲੇ ਤੋਂ ਇੱਕੋ ਜਿਹੀਆਂ ਸ਼ਿਫਾਰਸ਼ਾਂ ਮਿਲ ਸਕਣ । ਸੂਬੇ ਵਿੱਚ ਖੇਤੀ ਸਲਾਹਕਾਰ ਸੇਵਾ ਨੂੰ ਮਜ਼ਬੂਤ ਕੀਤਾ ਜਿਸ ਨਾਲ ਯੂਨੀਵਰਸਿਟੀ ਦੀ ਕਿਸਾਨਾਂ ਨਾਲ ਨੇੜਤਾ ਵਧੀ । ਉਨ੍ਹਾਂ ਸੂਬੇ ਵਿੱਚ ਬਾਗਬਾਨੀ ਅਤੇ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ ।

ਡਾ. ਰੰਧਾਵਾ ਪਿੱਛੋਂ ਯੂਨੀਵਰਸਿਟੀ ਦੀ ਵਾਗਡੋਰ ਡਾ. ਅਮਰੀਕ ਸਿੰਘ ਚੀਮਾ ਨੂੰ ਸੰਭਾਲੀ ਗਈ । ਡਾ. ਚੀਮਾ ਪੰਜਾਬ ਦੇ ਡਾਇਰੈਕਟਰ ਖੇਤੀਬਾੜੀ, ਭਾਰਤ ਸਰਕਾਰ ਦੇ ਖੇਤੀ ਕਮਿਸ਼ਨਰ ਤੇ ਏਸ਼ੀਆ ਬੈਂਕ ਦੇ ਮਾਹਿਰ ਵੱਲੋਂ ਸੇਵਾ ਨਿਭਾ ਚੁੱਕੇ ਸਨ । ਖੇਤੀ ਵਿਕਾਸ ਵਿੱਚ ਪਾਏ ਉਨ੍ਹਾਂ ਦੇ ਅਹਿਮ ਯੋਗਦਾਨ ਲਈ ਭਾਰਤ ਸਰਕਾਰ ਨੇ ਪਦਮ ਸ੍ਰੀ ਨਾਲ ਵੀ ਸਨਮਾਨਿਤ ਕੀਤਾ ਹੋਇਆ ਸੀ । ਉਨ੍ਹਾਂ ਨੇ ਜਿਥੇ ਯੂਨੀਵਰਸਿਟੀ ਦੀ ਖੋਜ ਨੂੰ ਵਧੇਰੇ ਕਿਸਾਨ ਪੱਖੀ ਬਣਾਇਆ ਉਥੇ ਕਿਸਾਨਾਂ ਨਾਲ ਵੀ ਸੰਬੰਧਾਂ ਨੂੰ ਹੋਰ ਮਜ਼ਬੂਤ ਕੀਤਾ । ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਨੌਜਵਾਨ ਕਿਸਾਨਾਂ ਦੀ ਨੌਜਵਾਨ ਕਿਸਾਨ ਸੰਸਥਾ ਬਣਾਈ ਗਈ । ਜਿਸ ਦੇ ਹਰੇਕ ਜ਼ਿਲ੍ਹੇ ਵਿੱਚ ਕੇਂਦਰ ਸਥਾਪਿਤ ਕੀਤੇ । ਪਟਿਆਲੇ ਲਾਗੇ ਰੌਣੀ ਖੋਜ ਕੇਂਦਰ ਬਣਾਇਆ । ਫ਼ਰੀਦਕੋਟ ਵਿਖੇ ਖੇਤਰੀ ਖੋਜ ਕੇਂਦਰ ਅਤੇ ਬੀਜ ਫਾਰਮ ਸਥਾਪਿਤ ਕੀਤੇ । ਯੂਨੀਵਰਸਿਟੀ ਵਿਖੇ ਰਿਹਾਇਸ਼ ਸਹੂਲਤਾਂ ਦੇ ਵਾਧੇ ਲਈ ਹਾਥੀ ਕੰਪਲੈਕਸ ਦੇ ਨਾਮ ਹੇਠ ਫਲੈਟ ਬਣਾਏ । ਮੁੱਖ ਮੰਤਰੀ ਦੇ ਨੇੜੇ ਹੋਣ ਕਰਕੇ ਯੂਨੀਵਰਸਿਟੀ ਵਿੱਚ ਨਵੀਆਂ ਆਸਾਮੀਆਂ ਅਤੇ ਹੋਰ ਸਹੂਲਤਾਂ ਵਿੱਚ ਵਾਧਾ ਕੀਤਾ ।

ਡਾ. ਚੀਮਾ ਦੀ ਟਰਮ ਪੂਰੀ ਹੋਣ ਪਿੱਛੋਂ ਛੇ ਮਹੀਨੇ ਤੱਕ ਮੁੱਖੀ ਦੀ ਨਿਯੁਕਤੀ ਨਹੀਂ ਹੋਈ ਸਗੋਂ ਇਹ ਜ਼ੁੰਮੇਵਾਰੀ ਸ੍ਰੀ ਆਈ ਸੀ ਪੁਰੀ ਆਈ ਏ ਐਸ ਨੂੰ ਸੌਂਪੀ ਗਈ । ਉਦੋਂ ਅਧਿਆਪਕ ਅੰਦੋਲਨ ਚੱਲ ਰਿਹਾ ਸੀ ਜਿਸ ਕਰਕੇ ਯੂਨੀਵਰਸਿਟੀ ਦੇ ਕੰਮਕਾਜ ਵਿੱਚ ਢਿੱਲ ਆ ਗਈ ਸੀ । ਪੁਰੀ ਸਾਹਿਬ ਨੇ ਅਧਿਆਪਕਾਂ ਨਾਲ ਮੀਟਿੰਗਾਂ ਕਰਕੇ ਸਾਰੀਆਂ ਮਾਇਕ ਔਕੜਾਂ ਨੂੰ ਦੂਰ ਕੀਤਾ । ਅਧਿਆਪਕ ਅੰਦੋਲਨ ਦੀ ਸਮਾਪਤੀ ਹੋਈ ਅਤੇ ਉਨ੍ਹਾਂ


ਬਾਕੀ ਸਫਾ 12 'ਤੇ

# ਭੀੜੀ ਗਲੀ ਵਿੱਚ ਹੋ ਗਏ ਟਾਕਰੇ



ਜਨਮੇਜਾ ਸਿੰਘ ਜੌਹਲ
ਮੋਬਾਇਲ 98159-45018

ਇਤਿਹਾਸ ਭਾਵੇਂ ਕਾਫ਼ੀ ਪੁਰਾਣਾ ਹੈ, ਪਰ 16ਵੀਂ ਸਦੀ ਵਿੱਚ ਪਿੰਡਾਂ ਦਾ ਬਹੁਤ ਜ਼ਿਆਦਾ ਪਸਾਰਾ ਹੋਣਾ ਸ਼ੁਰੂ ਹੋ ਗਿਆ ਸੀ। ਇਹ ਪਿੰਡ ਨਵੇਂ ਬਣ ਰਹੇ ਸਨ ਤੇ ਹਰ ਪਿੰਡ ਵਿੱਚੋਂ ਹਰ ਤਰ੍ਹਾਂ ਦੇ ਕਾਰੀਗਰ ਤੇ ਕਿਸਾਨ ਆ ਕੇ ਪਿੰਡ ਵਸਾਉਂਦੇ ਸਨ। ਇਨ੍ਹਾਂ ਵਿੱਚ ਸਭ ਤੋਂ ਵੱਡੀ ਸਮੱਸਿਆ ਸੀ ਕਿ ਸੁਰੱਖਿਅਤ ਕਿਵੇਂ ਰਿਹਾ ਜਾਵੇ। ਇਨ੍ਹਾਂ ਨੂੰ ਲੁਟੇਰਿਆਂ ਤੋਂ ਕਿਵੇਂ ਬਚਾਇਆ ਜਾਵੇ। ਇਸ ਲਈ ਇੱਥੇ ਘਰ ਬਹੁਤ ਨੇੜੇ-ਨੇੜੇ ਵਸਾਏ ਜਾਂਦੇ ਸਨ। ਕਈ ਵਾਰੀ ਤਾਂ ਇੰਨਾ ਕੁ ਰਾਹ ਛੱਡਿਆ ਜਾਂਦਾ ਸੀ ਕਿ ਦੋਵੇਂ ਪਾਸਿਓਂ ਲੰਘਣ ਵਾਲੇ ਬੰਦੇ ਟੇਢੇ ਹੋ ਕੇ ਲੰਘਦੇ ਸਨ। ਇਨ੍ਹਾਂ ਘਰਾਂ ਦੇ ਹੋਰ ਵੀ ਬਹੁਤ ਫ਼ਾਇਦੇ ਸਨ। ਪਹਿਲੀ ਗੱਲ ਤਾਂ ਬਹੁਤੇ ਘਰ ਦੋ ਮੰਜ਼ਿਲੇ ਹੁੰਦੇ ਸਨ। ਜੇ ਦੋ ਮੰਜ਼ਿਲੇ ਨਹੀਂ ਤਾਂ ਘੱਟ-ਘੱਟ ਇੱਕ ਚੁਬਾਰਾ ਜ਼ਰੂਰ ਹੁੰਦਾ ਸੀ। ਇਨ੍ਹਾਂ ਵਿੱਚ ਸੁਰੱਖਿਆ ਤੋਂ ਇਲਾਵਾ ਆਪਸੀ ਅਦਾਨ-ਪ੍ਰਦਾਨ ਬਹੁਤ ਹੁੰਦਾ ਸੀ। ਔਰਤਾਂ ਨੂੰ ਇੱਕ-ਦੂਜੇ ਨੂੰ ਮਿਲਣ ਲਈ ਦੂਰ ਨਹੀਂ ਜਾਣਾ ਪੈਂਦਾ ਸੀ। ਉਸ ਤੋਂ ਇਲਾਵਾ ਹਰ ਗਲੀ ਵਿੱਚ ਇੱਕ ਖ਼ਾਸ ਕਿਸਮ ਦੀ ਸ਼ਿਲਪਕਾਰੀ ਦੇ ਲੋਕ ਰਹਿੰਦੇ ਸਨ। ਕੋਈ ਸੁਨਿਆਰਿਆਂ ਦੀ ਗਲੀ ਹੁੰਦੀ, ਕੋਈ ਲੁਹਾਰਾਂ ਦੀ, ਕੋਈ ਤਰਖਾਣਾਂ ਦੀ ਆਦਿ। ਇਸ ਤਰ੍ਹਾਂ ਅਲੱਗ-ਅਲੱਗ ਗਲੀਆਂ ਸਨ। ਉਹ ਕੰਮ ਦੇ ਹਿਸਾਬ ਨਾਲ ਹੁੰਦੀਆਂ ਸਨ। ਜਿੱਥੇ ਇਨ੍ਹਾਂ ਦੇ ਫ਼ਾਇਦੇ ਸਨ, ਉੱਥੇ ਨੁਕਸਾਨ ਵੀ ਸਨ। ਦੁੱਖ-ਸੁੱਖ ਵੇਲੇ ਬਾਹਰੋਂ ਇਮਦਾਦ ਲੈਣੀ ਬੜੀ ਔਖੀ ਹੁੰਦੀ ਸੀ। ਇਸ ਤੋਂ ਇਲਾਵਾ ਇਨ੍ਹਾਂ ਵਿਚ ਪਾਣੀ ਜਾਂ ਹੋਰ ਕੂੜੇ-ਕਰਕਟ ਦੀ ਨਿਕਾਸੀ ਔਖੀ ਹੁੰਦੀ ਸੀ, ਜਿਸ ਨਾਲ ਬਿਮਾਰੀਆਂ ਵੀ ਫੈਲ ਜਾਂਦੀਆਂ ਸਨ। ਕਹਿੰਦੇ ਹਨ ਕਿ ਸਭ ਤੋਂ ਭੀੜੀਆਂ ਗਲੀਆਂ ਪੁਰਾਣੇ ਲਾਹੌਰ ਵਿੱਚ ਹਨ। ਲਾਹੌਰ ਮੁਗਲਾਂ ਦੇ ਵੇਲੇ ਵਸਿਆ ਸੀ। ਉਦੋਂ ਇਹ ਵੀ ਇਕ ਪਿੰਡ ਵਾਂਗ ਹੀ ਸੀ। ਸ਼ਾਲੀਮਾਰ ਬਾਗ ਵਗੈਰਾ ਦੇ ਆਲੇ-ਦੁਆਲੇ ਭੀੜੀਆਂ ਗਲੀਆਂ ਵਾਲਾ ਇਲਾਕਾ ਵਸਿਆ ਸੀ। ਉਂਝ ਤਾਂ ਇਹ ਪਿੰਡਾਂ ਦੀਆਂ ਭੀੜੀਆਂ ਗਲੀਆਂ ਸਨ, ਪਰ ਹੌਲੀ-ਹੌਲੀ ਕਈ ਪਿੰਡ ਸ਼ਹਿਰਾਂ ਵਿੱਚ ਬਦਲ ਗਏ ਜਾਂ ਕਸਬਿਆਂ ਵਿੱਚ। ਉਨ੍ਹਾਂ ਕਸਬਿਆਂ ਵਿੱਚ ਵੀ ਜਿਹੜੇ ਅੰਦਰੂਨੀ ਇਲਾਕੇ ਹਨ, ਉੱਥੇ ਭੀੜੀਆਂ ਗਲੀਆਂ ਹਨ। ਇਹ ਗਲੀਆਂ ਇਸ਼ਕ ਮਜਾਜ਼ੀ ਲਈ ਵੀ ਜਾਣੀਆਂ ਜਾਂਦੀਆਂ ਹਨ ਤੇ ਦੁਸ਼ਮਣੀ ਲਈ ਵੀ ਜਾਣੀਆਂ ਜਾਂਦੀਆਂ ਹਨ। ਇਹ ਭੀੜੀਆਂ ਗਲੀਆਂ ਸਾਡਾ ਇਤਿਹਾਸ ਹੈ ਅਤੇ ਕਈ ਵਾਰੀ ਇਨ੍ਹਾਂ ਭੀੜੀਆਂ ਗਲੀਆਂ ਦੇ ਮੂਹਰੇ ਦਰਵਾਜ਼ੇ ਵੀ ਲੱਗੇ ਹੁੰਦੇ ਸਨ, ਜਿਨ੍ਹਾਂ 'ਤੇ ਕਮਾਲ ਦੀ ਕਲਾਕਾਰੀ ਹੁੰਦੀ ਸੀ ਪਰ ਹੁਣ ਇਨ੍ਹਾਂ ਗਲੀਆਂ ਦੀ ਸਾਰਥਿਕਤਾ ਦੀ ਲੋੜ ਘਟ ਗਈ ਹੈ।



## ਖੇਤੀ ਦੇ ਸਹਾਇਕ ਧੰਦੇ...

ਖੇਤੀ ਦੇ ਸਹਾਇਕ ਧੰਦੇ
ਬੜੀ ਹੋ ਗਈ ਮਹਿੰਗਾਈ,
ਜੱਟਾ ਖਰਚ ਤੂੰ ਘਟਾ ਲੈ।
ਖੇਤੀ ਦੇ ਸਹਾਇਕ ਧੰਦੇ,
ਹੁਣ ਨਵੇਂ ਤੂੰ ਅਪਣਾ ਲੈ।
ਅੱਜਕੱਲ੍ਹ ਖੇਤੀ ਦੇ ਵਿੱਚ,
ਕੰਮ ਆਉਂਦੀਆਂ ਅਕਲਾਂ।
ਰਵਾਇਤੀ ਫ਼ਸਲਾਂ ਘਟਾ ਕੇ,
ਬੀਜ ਨਵੀਆਂ ਤੂੰ ਫ਼ਸਲਾਂ।
ਸਬਜ਼ੀਆਂ ਵੀ ਸਾਰੀਆਂ,
ਘਰ ਆਪਣੇ ਹੀ ਉਗਾ ਲੈ।
ਖੇਤੀ ਦੇ ਸਹਾਇਕ ਧੰਦੇ...।
ਸਹਾਇਕ ਧੰਦਿਆਂ ਦੀ ਤੂੰ,
ਛੇਤੀ ਟ੍ਰੇਨਿੰਗ ਲੈ ਕੇ ਆ।
ਇਨ੍ਹਾਂ ਧੰਦਿਆਂ ਦੇ ਨਾਲ,
ਆਮਦਨ ਆਪਣੀ ਵਧਾ।
ਖੇਤੀ ਵਿੱਚੋਂ ਜਿੰਨੇ ਬੰਦੇ,
ਤੈਥੋਂ ਘਟਦੇ ਘਟਾ ਲੈ।
ਖੇਤੀ ਦੇ ਸਹਾਇਕ ਧੰਦੇ...।
ਵੱਧ ਝਾੜ ਵਾਲੇ ਬੀਜ ਤੂੰ,
ਯੂਨੀਵਰਸਿਟੀ ਵਿੱਚੋਂ ਲਿਆ।
ਖਾਦਾਂ ਤੇ ਦਵਾਈਆਂ ਵੀ,
ਪੁੱਛ ਮਾਹਿਰਾਂ ਕੋਲੋਂ ਪਾ।
ਆਮਦਨ ਤੇ ਖਰਚੇ ਦਾ,
ਸਾਰਾ ਹਿਸਾਬ ਤੂੰ ਲਗਾ ਲੈ।
ਖੇਤੀ ਦੇ ਸਹਾਇਕ ਧੰਦੇ।
ਚੰਗੀ ਨਸਲ ਦੀਆਂ ਰੱਖ,
ਘਰ ਮੱਝਾਂ ਅਤੇ ਗਾਵਾਂ।
ਦੁੱਧ ਡਾਇਰੀ ਵਿੱਚ ਪਾ,
ਨਾਲੇ ਪੀ ਤੂੰ ਚੁਆਵਾਂ।
ਘਰ ਵਰਤਣ ਜੋਗਾ ਘੀ,
ਘਰ ਆਪਣੇ ਬਣਾ ਲੈ।
ਖੇਤੀ ਦੇ ਸਹਾਇਕ ਧੰਦੇ।
ਸ਼ਾਦੀ ਮਰਨੇ 'ਤੇ ਖਰਚ
ਜਿੰਨਾ ਬਚਦਾ ਤੂੰ ਬਚਾ।
ਨੱਕ ਨਮੂੰਜ਼ ਪਿੱਛੇ ਲੱਗ,
ਘਰ ਨੂੰ ਨਰਕ ਨਾ ਬਣਾ।
ਸੌਖਾ ਰਹਿਣਾ ਜੇ ਤੂੰ ਜੱਟਾ,
ਗੱਲ 'ਅਮਰੀਕ' ਦੀ ਅਜਮਾ ਲੈ।
ਖੇਤੀ ਦੇ ਸਹਾਇਕ ਧੰਦੇ।

ਅਮਰੀਕ ਸਿੰਘ ਤਲਵੰਡੀ ਕਲਾਂ, ਗਿੱਲ ਨਗਰ, ਗਲੀ ਨੰ. 13, ਮੁਲਾਂਪੁਰ ਦਾਖਾ (ਲੁਧਿਆਣਾ) ਮੋ. 94635-42896

# ਲਾਵਾਰਸ ਕੁੱਤੇ ਅਤੇ ਪਸ਼ੂ ਬਣ ਰਹੇ ਜਾਨਾਂ ਦਾ ਖੌਅ

**ਪੰਜਾਬ ਵਿਚ ਲਾਵਾਰਸ ਪਸ਼ੂਆਂ ਤੇ ਕੁੱਤਿਆਂ ਦੀ ਲਗਾਤਾਰ ਗਿਣਤੀ ਵਧਣ ਨਾਲ ਲੋਕਾਂ ਦੀ ਸੜਕਾਂ ਤੇ ਗਲੀ ਮੁਹੱਲਿਆਂ ਵਿਚ ਦਿਨ-ਪ੍ਰਤੀ-ਦਿਨ ਸਿਰਦਰਦੀ ਵਧ ਰਹੀ ਹੈ। ਕੋਈ ਅਜਿਹਾ ਦਿਨ ਨਹੀਂ ਹੋਣਾ, ਜਿਸ ਦਿਨ ਅਖਬਾਰ ਵਿਚ ਖ਼ਬਰ ਨਾ ਛਪੀ ਹੋਵੇ ਕਿ ਫਲਾਣੇ ਸ਼ਹਿਰ ਦਾ ਨੌਜਵਾਨ ਲਾਵਾਰਸ ਪਸ਼ੂਆਂ ਦੀ ਲਪੇਟ ਵਿਚ ਆ ਗਿਆ ਜਾਂ ਲਾਵਾਰਸ ਕੁੱਤਿਆਂ ਦਾ ਸ਼ਿਕਾਰ ਬਣ ਗਿਆ। ਇਨ੍ਹਾਂ ਕਰਕੇ ਰੋਜ਼ਾਨਾ ਪਤਾ ਨਹੀਂ ਕਿੰਨੇ ਪਰਿਵਾਰ ਪ੍ਰਭਾਵਿਤ ਹੋ ਰਹੇ ਹਨ ਅਤੇ ਬੇਕਸੂਰ ਮਾਰੇ ਜਾਂਦੇ ਹਨ। ਸੜਕਾਂ 'ਤੇ ਪਸ਼ੂਆਂ ਕਾਰਨ ਵਾਪਰਦੀਆਂ ਘਟਨਾਵਾਂ ਦੀਆਂ ਵੀਡੀਓਜ਼ ਡਰਾਉਣ ਵਾਲੀਆਂ ਹੁੰਦੀਆਂ ਹਨ। ਇਸੇ ਤਰ੍ਹਾਂ ਲਾਵਾਰਸ ਕੁੱਤਿਆਂ ਨੇ ਸ਼ਹਿਰਾਂ ਵਿਚ ਸਹਿਮ ਪੈਦਾ ਕੀਤਾ ਹੋਇਆ ਹੈ।**

ਸੰਜੀਵ ਸਿੰਘ ਸੈਣੀ, ਮੁਹਾਲੀ
ਮੋ. 78889-66168

ਹੁਣ ਲੋਕਾਂ ਵਿਚ ਕੁੱਤੇ ਪਾਲਣ ਦਾ ਸ਼ੌਕ ਬਹੁਤ ਵਧ ਚੁੱਕਿਆ ਹੈ, ਪਰ ਕਈ ਵਾਰ ਲੋਕ ਆਪਣੇ ਘਰੇਲੂ ਕੁੱਤੇ ਦੀ ਸੰਗਲੀ ਖੋਲ੍ਹ ਕੇ ਉਸ ਨੂੰ ਖੁੱਲ੍ਹਾ ਛੱਡ ਦਿੰਦੇ ਹਨ ਅਤੇ ਉਹ ਲੋਕਾਂ ਨੂੰ ਵੱਢ ਦਿੰਦੇ ਹਨ। ਜਿਸ ਕਰਕੇ ਮੁਹੱਲੇ 'ਚ ਰਹਿੰਦੇ ਲੋਕਾਂ ਦੀ ਲੜਾਈ ਥਾਣਿਆਂ ਤੇ ਤਹਿਸੀਲਾਂ ਤੱਕ ਪਹੁੰਚ ਜਾਂਦੀ ਹੈ। ਕੁੱਤਿਆਂ ਦੇ ਮਾਲਕ ਬਹੁਤੀ ਵਾਰ ਆਪਣਾ ਕਸੂਰ ਵੀ ਨਹੀਂ ਮੰਨਦੇ। ਅਕਸਰ ਦੇਖਿਆ ਜਾਂਦਾ ਹੈ ਕਿ ਕਈ ਘਰਾਂ ਵਿਚ ਪਰਿਵਾਰ ਦੇ ਬਜ਼ੁਰਗਾਂ ਦਾ ਹਾਲ ਚਾਲ ਤਾਂ ਕੋਈ ਚੰਗੀ ਤਰ੍ਹਾਂ ਪੁੱਛਦਾ ਨਹੀਂ, ਪਰ ਕੁੱਤਿਆਂ ਨੂੰ ਗੱਡੀਆਂ ਵਿਚ ਸੈਰ ਕਰਵਾਉਂਦੇ ਹਨ। ਸੁੰਨਸਾਨ ਜਗ੍ਹਾ 'ਤੇ ਆਮ ਦੇਖੇ ਜਾਂਦੇ ਲਾਵਾਰਸ ਕੁੱਤੇ ਉੱਥੋਂ ਲੰਘਦੇ ਰਾਹਗੀਰਾਂ ਨੂੰ ਵੱਢ ਲੈਂਦੇ ਹਨ, ਛੋਟੇ ਬੱਚਿਆਂ ਨੂੰ ਤਾਂ ਉਹ ਨੋਚ-ਨੋਚ ਕੇ ਖਾ ਜਾਂਦੇ ਹਨ। ਹਰਿਆਣਾ ਸਰਕਾਰ ਨੇ ਕੁੱਤੇ ਰੱਖਣ ਲਈ ਨਿਯਮ ਬਣਾਉਂਦਿਆਂ ਲਾਇਸੈਂਸ ਲਾਜ਼ਮੀ ਕਰ ਦਿੱਤਾ ਹੈ। ਕੁੱਤੇ ਪਾਲਣ ਲਈ ਪਹਿਲਾਂ ਸਰਕਾਰ ਤੋਂ ਇਜਾਜ਼ਤ ਲੈਣੀ ਪਵੇਗੀ ਅਤੇ ਲੋਕ ਇਕ ਘਰ ਵਿਚ ਇਕ ਹੀ ਕੁੱਤਾ ਰੱਖ ਸਕਦੇ ਹਨ। ਕੁੱਤਿਆਂ ਨੂੰ ਘੁਮਾਉਣ ਵੱਲ ਉਨ੍ਹਾਂ ਦੇ ਮੂੰਹ 'ਤੇ ਮਾਸਕ ਲਗਾਉਣਾ ਵੀ ਲਾਜ਼ਮੀ ਹੋਵੇਗਾ।

ਪਿਛਲੇ ਹਫ਼ਤੇ ਲੁਧਿਆਣਾ ਦੇ ਮੁੱਲਾਂਪੁਰ ਦਾਖਾਂ ਵਿਚ ਲਾਵਾਰਸ ਕੁੱਤੇ ਇਕ ਬੱਚੇ ਨੂੰ ਘੜੀਸ ਕੇ ਹੱਡਾ ਰੋੜੀ ਵੱਲ ਲੈ ਗਏ ਅਤੇ ਬੱਚੇ ਨੂੰ ਨੋਚ-ਨੋਚ ਕੇ ਖਾ ਗਏ। ਇਸੇ ਤਰ੍ਹਾਂ ਆਪਣੇ ਘਰ ਦੇ ਬਾਹਰ ਖੜ੍ਹੇ ਇਕ ਬੱਚੇ ਨੂੰ ਕੁੱਤੇ ਘੜੀਸ ਕੇ ਗਲੀ ਵਿਚ ਲੈ ਗਏ ਤੇ ਉਸ ਵੱਢ-ਵੱਢ ਕੇ ਮਾਰ ਦਿੱਤਾ। ਗੁਰਦਾਸਪੁਰ 'ਚ ਇਕ ਫੌਜੀ ਦੀ ਘਰਵਾਲੀ ਨੂੰ ਕੁੱਤਿਆਂ ਨੇ ਮਾਰ ਸੁੱਟਿਆ। ਸੂਬੇ ਵਿਚ ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਅੱਕੇ ਹੋਏ ਲੋਕਾਂ ਨੇ ਨੈਸ਼ਨਲ ਹਾਈਵੇ 'ਤੇ ਜਾਮ ਵੀ ਲਗਾਇਆ ਪਰ ਸਮੱਸਿਆ ਦਾ ਕੋਈ ਹੱਲ ਨਹੀਂ ਨਿਕਲਿਆ, ਪ੍ਰਸ਼ਾਸਨ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ। ਅਵਾਰਾ ਕੁੱਤਿਆਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ ਅਤੇ ਪਿੰਡਾਂ ਤੇ ਸ਼ਹਿਰਾਂ ਦੀਆਂ ਗਲੀਆਂ ਵਿਚ ਝੁੰਡ ਬਣਾ ਕੇ ਘੁੰਮਦੇ ਹਨ। ਰਾਤ ਸਮੇਂ ਜਦੋਂ ਕੋਈ ਰਾਹਗੀਰ ਲੰਘਦਾ ਹੈ ਤਾਂ ਇਹ ਲਾਵਾਰਸ ਕੁੱਤੇ ਉਸ 'ਤੇ ਹਮਲਾ ਕਰ ਦਿੰਦੇ ਹਨ। ਜਿਸ ਕਰਕੇ ਲੋਕਾਂ ਦੇ ਮਨਾਂ ਵਿਚ ਕੁੱਤਿਆਂ ਦਾ ਬਹੁਤ ਜ਼ਿਆਦਾ ਖ਼ੌਫ਼ ਹੈ। ਕੁੱਤਿਆਂ ਕਰਕੇ ਪਾਰਕਾਂ ਵਿਚ ਵੀ ਲੋਕਾਂ ਦਾ ਸੈਰ ਕਰਨਾ ਮੁਸ਼ਕਿਲ ਹੋ ਗਿਆ ਹੈ। ਪਿਛਲੇ ਕਈ ਸਾਲਾਂ 'ਚ ਕੁੱਤਿਆਂ ਦੇ ਵੱਢਣ ਦੇ ਕੇਸਾਂ ਵਿਚ ਬਹੁਤ ਵਾਧਾ ਹੋਇਆ ਹੈ। ਟੈਲੀਵਿਜ਼ਨ ਚੈਨਲਾਂ 'ਤੇ ਕਦੇ ਵੀ ਅਜਿਹੇ ਗੰਭੀਰ ਮੁੱਦਿਆਂ ਨੂੰ ਲੈ ਕੇ ਬਹਿਸ ਨਹੀਂ ਹੁੰਦੀ। ਆਖਰ ਕਦੋਂ ਤੱਕ ਲੋਕ ਅਵਾਰਾ ਕੁੱਤਿਆਂ ਦਾ ਸ਼ਿਕਾਰ ਬਣਦੇ ਰਹਿਣਗੇ। ਚੱਲੋ ਮੰਨਿਆ ਕਿ ਕੁੱਤਿਆਂ ਨੂੰ ਮਾਰਿਆ ਨਹੀਂ ਜਾ ਸਕਦਾ, ਪਰ ਇਨ੍ਹਾਂ ਦੀ ਨਸਬੰਦੀ ਤਾਂ ਹੋ ਹੀ ਸਕਦੀ, ਤਾਂ ਕਿ ਇਨ੍ਹਾਂ ਦੀ ਜਨਸੰਖਿਆ ਹੋਰ ਨਾ ਵਧ ਸਕੇ। ਸੂਬਾ ਸਰਕਾਰਾਂ ਤੇ ਕੇਂਦਰ ਸਰਕਾਰ ਇਨ੍ਹਾਂ ਬਾਰੇ ਕੋਈ ਠੋਸ ਨੀਤੀ ਕਿਉਂ ਨਹੀਂ ਬਣਾਉਂਦੀਆਂ।



ਪੰਜਾਬ ਵਿਚ ਲਾਵਾਰਸ ਪਸ਼ੂਆਂ ਦੀ ਸਾਂਭ-ਸੰਭਾਲ ਨਾ ਹੋਣ ਕਰਕੇ ਇਨ੍ਹਾਂ ਦੀ ਸਮੱਸਿਆ ਵੀ ਗੰਭੀਰ ਹੁੰਦੀ ਜਾ ਰਹੀ ਹੈ, ਜਿਸ ਕਾਰਨ ਪਤਾ ਨਹੀਂ ਕਿੰਨੀਆਂ ਹੀ ਮਨੁੱਖੀ ਜਾਨਾਂ ਜਾ ਚੁੱਕੀਆਂ ਹਨ। ਇਨ੍ਹਾਂ ਲਾਵਾਰਸ ਪਸ਼ੂਆਂ ਨੂੰ ਅਸੀਂ ਸੜਕਾਂ 'ਤੇ ਹਰਲ-ਹਰਲ ਕਰਦੇ ਵਿਚਰਦਿਆਂ ਆਮ ਦੇਖ ਸਕਦੇ ਹਾਂ, ਜੋ ਸੜਕਾਂ ਨਾਲ ਲਗਦੇ ਇਲਾਕਿਆਂ ਵਿਚ ਫ਼ਸਲਾਂ ਦਾ ਵੱਡਾ ਨੁਕਸਾਨ ਕਰਦੇ ਹਨ। ਪਤਾ ਨਹੀਂ ਕਿੰਨੇ ਜ਼ਿਮੀਂਦਾਰ ਰਾਤਾਂ ਨੂੰ ਠੀਕਰੀ ਪਹਿਰੇ ਦੇ ਕੇ ਇਨ੍ਹਾਂ ਤੇ ਆਪਣੀ ਫ਼ਸਲ ਦੀ ਬਰਬਾਦੀ ਨੂੰ ਬਚਾਉਂਦੇ ਹਨ। ਕਈ ਲੋਕ ਪਹਿਲਾਂ ਦੁਧਾਰੂ ਪਸ਼ੂਆਂ ਦਾ ਦੁੱਧ ਪੀਂਦੇ ਹਨ, ਪਰ ਜਦੋਂ ਇਹ ਦੁੱਧ ਦੇਣ ਤੋਂ ਹਟ ਜਾਂਦੇ ਹਨ ਤਾਂ ਇਨ੍ਹਾਂ ਨੂੰ ਲਾਵਾਰਸ ਛੱਡ ਦਿੰਦੇ ਹਨ। ਅਖ਼ਬਾਰਾਂ ਵਿਚ ਕਿਸਾਨਾਂ ਵਲੋਂ ਟਰਾਲੀਆਂ ਭਰ ਕੇ ਲਾਵਾਰਸ ਪਸ਼ੂਆਂ ਨੂੰ ਡੀ.ਸੀ. ਦਫ਼ਤਰਾਂ ਮੂਹਰੇ ਛੱਡ ਕੇ ਜਾਣ ਦੀਆਂ ਖ਼ਬਰਾਂ ਵੀ ਛਪਦੀਆਂ ਰਹੀਆਂ ਹਨ। ਕਿੰਨੇ ਹੀ ਨਿਰਦੋਸ਼ ਲੋਕ ਇਨ੍ਹਾਂ ਲਾਵਾਰਸ ਪਸ਼ੂਆਂ ਕਰਕੇ ਆਪਣੀਆਂ ਜਾਨਾਂ ਗੁਆ ਚੁੱਕੇ ਹਨ, ਅਜਿਹੀਆਂ ਘਟਨਾਵਾਂ ਪੜ੍ਹ ਸੁਣ ਕੇ ਦਿਲ ਕੰਬ ਉਠਦਾ ਹੈ। ਇਹ ਲਾਵਾਰਸ ਪਸ਼ੂ ਬਜ਼ਾਰਾਂ, ਭੀੜ ਭੜੱਕੇ ਵਾਲੀਆਂ ਥਾਵਾਂ, ਸੜਕਾਂ, ਗਲੀਆਂ ਵਿਚ ਖੜ੍ਹੇ ਸਕੂਟਰਾਂ ਤੇ ਗੱਡੀਆਂ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਕਿਸਾਨ ਯੂਨੀਅਨਾਂ ਤਾਂ ਇੱਥੋਂ ਤੱਕ ਕਹਿ ਚੁੱਕੀਆਂ ਹਨ ਕਿ ਸਰਕਾਰ ਜੋ ਗਊ ਸੈੱਸ ਇਕੱਠਾ ਕਰਦੀ ਹੈ ਉਹ ਕਿਸਾਨਾਂ ਨੂੰ ਦੇ ਦੇਵੇ, ਪਸ਼ੂਆਂ ਦੀ ਸਮੱਸਿਆ ਦਾ ਹੱਲ ਉਹ ਖੁਦ ਕੱਢ ਲੈਣਗੇ। ਪਰ ਜਿਹੜੇ ਨੁਮਾਇੰਦਿਆਂ ਨੂੰ ਅਸੀਂ ਚੁਣ ਕੇ ਲੋਕ ਸਭਾ ਜਾਂ ਵਿਧਾਨ ਸਭਾ ਵਿਚ ਭੇਜਦੇ ਹਾਂ, ਉਹ ਇਸ ਗੰਭੀਰ ਸਮੱਸਿਆ ਨੂੰ ਹੱਲ ਕਰਨ ਵਾਸਤੇ ਸਰਕਾਰ ਅੱਗੇ ਇਹ ਮੁੱਦਾ ਕਿਉਂ ਨਹੀਂ ਉਠਾਉਂਦੇ? ਸਰਕਾਰ ਨੂੰ ਲਾਵਾਰਸ ਪਸ਼ੂਆਂ ਤੇ ਕੁੱਤਿਆਂ ਦੀ ਦਿਨੋ-ਦਿਨ ਗੰਭੀਰ ਹੁੰਦੀ ਜਾ ਰਹੀ ਸਮੱਸਿਆ ਦੇ ਹੱਲ ਲਈ ਕੋਈ ਠੋਸ ਨੀਤੀ ਬਣਾਉਣੀ ਹੋਵੇਗੀ, ਤਾਂ ਜੋ ਲੋਕਾਂ ਨੂੰ ਇਸ ਸਮੱਸਿਆ ਤੋਂ ਛੁਟਕਾਰਾ ਦਿਵਾਇਆ ਜਾ ਸਕੇ।



# ਮਧੂ-ਮੱਖੀ ਪਾਲਕ ਸਫ਼ਲ ਕਿਸਾਨ ਗੁਰਪ੍ਰੀਤ ਸਿੰਘ ਸਮਾਲਸਰ



ਗੁਰਜੰਟ ਕਲਸੀ ਲੰਡੇ
ਮੋਬਾਇਲ : 94175-35916

ਭਾਵੇਂ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਨੇ ਨੌਜਵਾਨ ਪੀੜ੍ਹੀ ਨੂੰ ਸਵੈ-ਰੁਜ਼ਗਾਰ ਵੱਲ ਪ੍ਰੇਰਿਤ ਕਰਨ ਲਈ ਕਈ ਯੋਜਨਾਵਾਂ ਚਲਾਈਆਂ ਹੋਈਆਂ ਹਨ ਪਰ ਫਿਰ ਵੀ ਨਿਰਾਸ਼ ਹੋਇਆ ਨੌਜਵਾਨ ਸਵੈ-ਰੁਜ਼ਗਾਰ ਵੱਲ ਬਹੁਤ ਘੱਟ ਹੀ ਰੁਚਿਤ ਹੁੰਦਾ ਹੈ। ਸਰਕਾਰਾਂ ਸਵੈ-ਰੁਜ਼ਗਾਰ ਲਈ ਅਨੇਕਾਂ ਧੰਦਿਆਂ ਨੂੰ ਅਪਣਾਉਣ ਲਈ ਸਬਸਿਡੀਆਂ ਅਤੇ ਹੋਰ ਸਾਧਨ ਵੀ ਮੁਹੱਈਆ ਕਰਵਾ ਰਹੀਆਂ ਹਨ, ਜਿਨ੍ਹਾਂ ਵੱਲ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਨ ਦੀ ਮੁੱਖ ਲੋੜ ਹੈ। ਅਜਿਹੀ ਨੌਜਵਾਨ ਪੀੜ੍ਹੀ ਜੋ ਹਰ ਪਾਸੇ ਦੇ ਰੁਜ਼ਗਾਰ ਤੋਂ ਨਿਰਾਸ਼ ਹੋ ਰਹੀ ਹੈ ਜਾਂ ਹੋ ਚੁੱਕੀ ਹੈ, ਨੂੰ ਨਿਰਾਸ਼ਤਾ ਤੋਂ ਬਾਹਰ ਕੱਢਣ ਲਈ ਅਤੇ ਸਵੈ-ਰੁਜ਼ਗਾਰ ਵੱਲ ਪ੍ਰੇਰਿਤ ਕਰਨ ਲਈ ਸਮਾਲਸਰ ਦਾ ਨੌਜਵਾਨ ਗੁਰਪ੍ਰੀਤ ਸਿੰਘ ਰਾਹ ਦਸੇਰਾ ਬਣਿਆ ਹੈ। ਗੁਰਪ੍ਰੀਤ ਸਿੰਘ ਨੇ ਮਧੂ ਮੱਖੀਆਂ ਪਾਲ ਕੇ ਸਫ਼ਲ ਕਿਸਾਨ ਹੋਣ ਦਾ ਸੁਨੇਹਾ ਦਿੱਤਾ ਹੈ। ਅਬੋਹਰ ਬਰਾਂਚ ਨਹਿਰ ਸਮਾਲਸਰ ਦੇ ਕਿਨਾਰੇ ਵਸਦਾ ਦਸਵੀਂ ਪਾਸ ਨੌਜਵਾਨ ਗੁਰਮੀਤ ਸਿੰਘ ਦੱਸਦਾ ਹੈ ਕਿ 1996-97 ਦੇ ਨੇੜੇ-ਤੇੜੇ ਉਨ੍ਹਾਂ ਦੇ ਖੇਤਾਂ ਵਿੱਚ ਸੂਰਜਮੁਖੀ ਦੀ ਫ਼ਸਲ ਬੀਜੀ ਹੋਈ ਸੀ। ਜਦ ਸੂਰਜਮੁਖੀ ਦੇ ਫੁੱਲ ਪੱਕ ਕੇ ਤਿਆਰ ਹੋਣ ਲੱਗੇ ਤਾਂ ਉਦੋਂ ਇਕ ਮਧੂ ਪਾਲਕ ਕਿਸਾਨ ਨੇ ਕੁਝ ਡੱਬੇ ਲਿਆ ਕੇ ਉਨ੍ਹਾਂ ਦੇ ਖੇਤ ਨੇੜੇ ਰੱਖ ਦਿੱਤੇ। ਬਸ ਉਸ ਵੇਲੇ ਤੋਂ ਹੀ ਗੁਰਮੀਤ ਸਿੰਘ ਨੂੰ ਮਧੂ ਮੱਖੀਆਂ ਪਾਲਣ ਦਾ ਸ਼ੌਕ ਪੈਦਾ ਹੋ ਗਿਆ। ਉਸ ਨੇ ਮਧੂ ਮੱਖੀਆਂ ਪਾਲਣ ਦਾ ਕੰਮ ਸ਼ੁਰੂ ਕਰਨ ਲਈ 50 ਬਕਸੇ



ਖਰੀਦੇ, ਜੋ ਉਸ ਨੂੰ 1000 ਤੋਂ 1200 ਰੁਪਏ ਪ੍ਰਤੀ ਡੱਬਾ ਮਿਲਿਆ। ਉਹ ਦੱਸਦਾ ਹੈ ਕਿ ਸ਼ਹਿਦ ਪੈਦਾ ਕਰਨ ਵਾਲੀਆਂ ਮੱਖੀਆਂ ਦੀਆਂ ਕਰੀਬ ਚਾਰ ਕਿਸਮਾਂ ਹੁੰਦੀਆਂ ਹਨ। ਦੇਸੀ ਮੱਖੀ, ਡੂੰਮਣਾ ਮੱਖੀ, ਕਾਲੀ ਮੱਖੀ, ਪਾਲਤੂ ਇਟਾਲੀਅਨ ਮੱਖੀ। ਗੁਰਪ੍ਰੀਤ ਸਿੰਘ ਨੇ ਪਾਲਤੂ ਇਟਾਲੀਅਨ ਮੱਖੀ ਹੀ ਸ਼ਹਿਦ ਪੈਦਾ ਕਰਨ ਲਈ ਪਾਲੀ ਹੋਈ ਹੈ। ਜਦ ਉਸ ਨੂੰ ਪਤਾ ਲੱਗਾ ਕਿ ਕੇਂਦਰ ਸਰਕਾਰ ਵਲੋਂ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਵੱਲ ਪ੍ਰੇਰਿਤ ਕਰਨ ਲਈ ਵੱਖ-ਵੱਖ ਧੰਦਿਆਂ ਲਈ ਸਬਸਿਡੀਆਂ ਦਿੱਤੀਆਂ ਜਾ ਰਹੀਆਂ ਹਨ ਤਾਂ ਉਸ ਨੇ ਕਰੀਬ ਚਾਰ ਕੁ ਸਾਲ ਪਹਿਲਾਂ ਕੇਂਦਰ ਸਰਕਾਰ ਤੋਂ 10 ਲੱਖ ਰੁਪਏ ਦਾ ਕਰਜ਼ਾ ਲਿਆ। ਉਸ ਨੇ ਦੱਸਿਆ ਕਿ ਮਧੂ ਮੱਖੀਆਂ ਇੱਕ ਬਕਸ਼ੇ ਵਿੱਚੋਂ ਪ੍ਰਤੀ ਸਾਲ 10 ਕਿਲੋ ਤੋਂ 40 ਕਿਲੋ ਤੱਕ ਸ਼ਹਿਦ ਪੈਦਾ ਕਰਦੀਆਂ ਹਨ। ਉਸ ਦਾ ਸ਼ਹਿਦ ਸਾਢੇ ਤਿੰਨ ਸੌ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕ ਰਿਹਾ ਹੈ। ਉਸ ਕੋਲ ਹੁਣ ਕਰੀਬ 500 ਬਕਸੇ ਹਨ। ਮਧੂ ਮੱਖੀਆਂ ਪਰਾਗਣ ਦਾ ਬਹੁਤ ਵੱਡਾ ਸਾਧਨ ਹਨ। ਇਸ ਕਰਕੇ ਕਈ ਬਾਗਾਂ ਵਾਲੇ ਉਸ ਦੇ ਬਕਸੇ ਆਪਣੇ ਬਾਗਾਂ ਵਿੱਚ ਰਖਵਾ ਲੈਂਦੇ ਹਨ ਅਤੇ ਇਸ ਬਦਲੇ ਉਸ ਨੂੰ 2000 ਰੁਪਏ ਪ੍ਰਤੀ ਬਕਸਾ ਵੱਖਰਾ ਮੁਆਵਜ਼ਾ ਦਿੰਦੇ ਹਨ। ਮਧੂ ਮੱਖੀਆਂ ਦੇ ਪਰਾਗਣ ਨਾਲ ਬਾਗਾਂ ਦੇ ਫ਼ਲਾਂ ਦਾ ਝਾੜ ਵਧਦਾ ਹੈ ਅਤੇ ਬਾਗਾਂ ਵਾਲਿਆਂ ਨੂੰ ਇਸ ਦੀ ਲੋੜ ਹੁੰਦੀ ਹੈ। ਅੱਜ ਇੱਕ ਬਕਸੇ ਦੀ ਕੀਮਤ 4500 ਤੋਂ ਕਰੀਬ 5000 ਤੱਕ ਹੈ। ਉਸ ਨੇ ਦੱਸਿਆ ਕਿ ਗੰਗਾਨਗਰ ਤੇ ਅਨੂਪਗੜ੍ਹ ਵਿੱਚ ਵੀ ਉਸ ਨੇ ਸ਼ਹਿਦ ਪਾਲਣ ਦਾ ਧੰਦਾ ਅਪਨਾਇਆ ਹੋਇਆ ਹੈ। ਉੱਥੇ ਉਸ ਨੇ ਕਰੀਬ 15 ਘਰਾਂ ਨੂੰ ਰੁਜ਼ਗਾਰ ਦਿੱਤਾ ਹੈ, ਜੋ ਉਸ ਦੇ ਬਕਸੇ ਨਹਿਰਾਂ ਕਿਨਾਰੇ, ਬਾਗਾਂ ਅਤੇ ਹੋਰ ਫੁੱਲਾਂ ਵਾਲੀਆਂ ਥਾਵਾਂ 'ਤੇ ਰੱਖਦੇ ਹਨ। ਇੱਕ ਮੱਖੀ ਕਰੀਬ ਤਿੰਨ ਕਿਲੋਮੀਟਰ ਤੱਕ ਸ਼ਹਿਦ ਇਕੱਠਾ ਕਰਨ ਲਈ ਚਲੀ ਜਾਂਦੀ ਹੈ। ਇਹ ਮੱਖੀਆਂ ਦੋ ਦਿਨ ਵਿੱਚ ਹੀ ਆਪਣਾ ਰਸਤਾ ਬਣਾ ਲੈਂਦੀਆਂ ਹਨ ਤੇ ਜਿੱਥੇ ਰਸਤਾ ਪੱਕਾ ਕਰ ਲਿਆ, ਉਹ ਉਸੇ ਰਸਤੇ ਹੀ ਆਉਂਦੀਆਂ-ਜਾਂਦੀਆਂ ਹਨ। ਮੱਖੀ ਦੇ ਸਰੀਰ ਵਿੱਚੋਂ ਇੱਕ ਜ਼ਹਿਰ ਵੀ ਨਿਕਲਦਾ ਹੈ, ਜਿਸ ਦੀ ਕੀਮਤ ਲੱਖਾਂ ਰੁਪਏ ਹੈ। ਕਈ ਲੋਕ ਗਠੀਏ ਦੇ ਰੋਗਾਂ ਲਈ ਵੀ ਮਧੂਮੱਖੀ ਦੇ ਡੰਗ ਮਰਵਾਉਣ ਲਈ ਉਸ ਕੋਲ ਆਉਂਦੇ ਹਨ। ਮਧੂਮੱਖੀ ਦਾ ਡੰਗ ਗੋਡਿਆਂ ਦੇ ਦਰਦ ਲਈ ਬਹੁਤ ਲਾਹੇਵੰਦ ਹੈ। ਮਧੂ ਮੱਖੀਆਂ ਦੇ ਜ਼ਹਿਰ ਨੂੰ ਇਕੱਠਾ ਕਰਨ ਦੀ ਤਕਨੀਕ ਬਹੁਤ ਮਹਿੰਗੀ ਹੈ। ਠੰਢ ਸ਼ੁਰੂ ਹੋਣ ਮੌਕੇ ਮਧੂ ਮੱਖੀਆਂ ਬਾਹਰੋਂ ਗੂੰਦ ਵਰਗੀ ਚੀਜ਼ ਲਿਆ ਕੇ ਬਕਸੇ ਦੇ ਸੁਰਾਖ਼ ਹੌਲੀ-ਹੌਲੀ ਬੰਦ ਕਰ ਦਿੰਦੀਆਂ ਹਨ ਤਾਂ ਕਿ ਠੰਢ ਅੰਦਰ ਨਾ ਆ ਸਕੇ। ਸਮਾਲਸਰ ਵਿੱਚ ਉਸ ਦੇ ਬਕਸੇ ਨਹਿਰ 'ਤੇ ਛੇ-ਸੱਤ ਕਿਲੋਮੀਟਰ ਦੇ ਘੇਰੇ ਵਿੱਚ ਰੱਖੇ ਹੁੰਦੇ ਹਨ। ਜਦ ਬਹਾਰ ਦੀ ਰੁੱਤ ਹੁੰਦੀ ਹੈ ਅਤੇ ਫੁੱਲਾਂ-ਫ਼ਲਾਂ ਦੀ ਰੌਣਕ ਲਗਦੀ ਹੈ ਤਾਂ ਉਸ ਸਮੇਂ ਮਧੂ ਮੱਖੀਆਂ ਜ਼ਿਆਦਾ ਸ਼ਹਿਦ ਪੈਦਾ ਕਰਦੀਆਂ ਹਨ। ਮੱਖੀਆਂ ਦੇ ਡੱਬਿਆਂ ਨੂੰ ਰਾਤ ਸਮੇਂ ਇਧਰ-ਉਧਰ ਕੀਤਾ ਜਾਂਦਾ ਹੈ, ਕਿਉਂਕਿ ਦਿਨ ਵੇਲੇ ਮੱਖੀਆਂ ਸ਼ਹਿਦ ਇਕੱਠਾ ਕਰਨ ਲਈ ਦੂਰ ਤੱਕ ਚਲੀਆਂ ਜਾਂਦੀਆਂ ਹਨ ਅਤੇ ਰਾਤ ਸਮੇਂ ਇਹ ਬਕਸੇ ਵਿੱਚ ਵਾਪਸ ਆ ਜਾਂਦੀਆਂ ਹਨ। ਮਧੂ ਮੱਖੀਆਂ ਦੇ ਇੱਕ ਝੁੰਡ ਵਿੱਚ ਇੱਕ ਰਾਣੀ ਮੱਖੀ ਹੁੰਦੀ ਹੈ ਅਤੇ ਕਈ ਸੌ ਨਰ ਜਿਨ੍ਹਾਂ ਨੂੰ ਨਿਖੱਟੂ ਜਾਂ ਡਰੋਨ ਵੀ ਕਿਹਾ ਜਾਂਦਾ ਹੈ, ਹੁੰਦੇ ਹਨ। ਰਾਣੀ ਮੱਖੀ ਇੱਕ ਦਿਨ ਵਿੱਚ 1500 ਤੋਂ 2000 ਤੱਕ ਆਂਡੇ ਦੇ ਸਕਦੀ ਹੈ। ਇੱਕ ਛੱਤੇ ਵਿੱਚ 20 ਹਜ਼ਾਰ ਤੋਂ ਲੈ ਕੇ 60 ਹਜ਼ਾਰ ਤੱਕ ਮਧੂ ਮੱਖੀਆਂ ਰਹਿੰਦੀਆਂ ਹਨ। ਗੁਰਪ੍ਰੀਤ ਨੇ ਦੱਸਿਆ ਕਿ ਇਨ੍ਹਾਂ ਮੱਖੀਆਂ ਦੇ ਦੋ ਢਿੱਡ ਹੁੰਦੇ ਹਨ, ਇਕ ਖਾਣੇ ਲਈ ਤੇ ਦੂਜਾ ਫੁੱਲਾਂ ਤੋਂ ਰਸ ਇਕੱਠਾ ਕਰਨ ਲਈ। ਇਹ ਪੁਦੀਨੇ ਦੇ ਪੱਤੇ 'ਤੇ ਨਹੀਂ ਬੈਠਦੀਆਂ। ਜਦੋਂ ਸ਼ਹਿਦ ਤਿਆਰ ਹੋ ਜਾਂਦਾ ਹੈ ਤਾਂ ਕਈ ਮਧੂ ਮੱਖੀਆਂ ਉਸ ਦੀ ਰਖਵਾਲੀ ਕਰਦੀਆਂ ਹਨ। ਕਈ ਮਧੂ ਮੱਖੀਆਂ ਆਪਣੇ ਨਵਜਨਮੇ ਬੱਚਿਆਂ ਨੂੰ ਮਾਰ ਵੀ ਦਿੰਦੀਆਂ ਹਨ। ਕੀਟ ਵਗੈਰਾ ਵੀ ਮਧੂ ਮੱਖੀਆਂ ਦਾ ਨੁਕਸਾਨ ਕਰਦੇ ਹਨ। ਇਨ੍ਹਾਂ ਵਿੱਚੋਂ ਮੋਮ ਪਤੰਗੇ ਮਧੂ ਮੱਖੀਆਂ ਦੇ ਮੁੱਖ ਦੁਸ਼ਮਣ ਹਨ। ਇਹ ਮਧੂ ਮੱਖੀਆਂ ਦੀਆਂ ਜਿਉਂਦੀਆਂ ਕਾਲੋਨੀਆਂ ਅਤੇ ਛੱਤਿਆਂ 'ਤੇ ਹਮਲਾ ਕਰਦੇ ਹਨ।

ਮੋਮ ਪਤੰਗਿਆਂ ਦਾ ਲਾਰਵਾ ਛੱਤਿਆਂ ਨੂੰ ਖਾ ਜਾਂਦਾ ਹੈ। ਇਸ ਦੇ ਬਚਾਅ ਲਈ ਵਾਧੂ ਛੱਤਿਆਂ ਨੂੰ ਚੈਂਬਰਾਂ ਵਿੱਚ ਰੱਖਿਆ ਜਾਂਦਾ ਹੈ ਅਤੇ ਜਦੋਂ ਹਵਾ ਰੁਕੀ ਹੁੰਦੀ ਹੈ ਤਾਂ ਸਲਫਰ 250 ਗ੍ਰਾਮ ਪ੍ਰਤੀ ਘਣ ਮੀਟਰ ਨਾਲ ਧੂਣੀ ਦਿੱਤੀ ਜਾਂਦੀ ਹੈ। ਇਹ ਹਰ 15 ਦਿਨਾਂ ਦੇ ਵਕਫ਼ੇ ਨਾਲ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਬਰੂਡ ਮਾਈਟ, ਵੈਰੋਆ ਮਾਈਟ ਵੀ ਨੁਕਸਾਨ ਕਰਦੇ ਹਨ। ਇਨ੍ਹਾਂ ਦੇ ਬਚਾਅ ਲਈ ਵੱਖ-ਵੱਖ ਤਰੀਕੇ ਅਪਨਾਏ ਜਾਂਦੇ ਹਨ। ਹਰੀਆਂ ਮਧੂ ਮੱਖੀਆਂ ਖਾਣ ਵਾਲੇ ਪੰਛੀ ਅਤੇ ਕਾਂ ਉਡਦੀਆਂ ਹੋਈਆਂ ਕਾਮਾ ਤੇ ਰਾਣੀ ਮੱਖੀਆਂ ਫੜ ਕੇ ਉਨ੍ਹਾਂ ਦੀਆਂ ਕਾਲੋਨੀਆਂ ਨਸ਼ਟ ਕਰ ਦਿੰਦੇ ਹਨ। ਹਰੀ ਮਧੂਮੱਖੀ ਦਾ ਸ਼ਿਕਾਰ ਕਰਨ ਵਾਲੇ ਪੰਛੀ ਜ਼ਿਆਦਾ ਨੁਕਸਾਨ ਕਰਦੇ ਹਨ। ਇਸ ਦੇ ਬਚਾਅ ਲਈ ਸ਼ਿਕਾਰੀ ਪੰਛੀਆਂ ਨੂੰ ਡਰਾਉਣ ਲਈ ਜਾਲ ਜਾਂ ਸੁਕੇਅਰ ਦੀ ਵਰਤੋਂ ਕੀਤੀ ਜਾਂਦੀ ਹੈ। ਮਧੂ ਮੱਖੀਆਂ ਨੂੰ ਜੀਵਾਣੂ ਰੋਗ ਵੀ ਮਾਰ ਕਰਦੇ ਹਨ। ਇਨ੍ਹਾਂ ਦੇ ਬਚਣ ਲਈ ਵੀ ਵੱਖ-ਵੱਖ ਸਾਧਨ ਹਨ। ਕਈ ਵਾਰ ਕੋਈ ਕਿਸਾਨ ਜਦ ਬਕਸਿਆਂ ਨੇੜਲੇ ਆਪਣੇ ਖੇਤ ਵਿੱਚ ਕੋਈ ਕੀਟਨਾਸ਼ਕ ਛਿੜਕ ਰਿਹਾ ਹੁੰਦਾ ਹੈ ਤੇ ਹਵਾ ਦੇ ਰੁਖ਼ ਕਾਰਨ ਉਹ ਦਵਾਈ ਬਕਸਿਆਂ ਤੱਕ ਪਹੁੰਚਦੀ ਹੈ, ਤਾਂ ਵੀ ਮਧੂ ਮੱਖੀਆਂ ਦਾ ਨੁਕਸਾਨ ਹੋ ਜਾਂਦਾ ਹੈ। ਉਸ ਨੇ ਦੱਸਿਆ ਕਿ ਸਾਡਾ ਦੇਸ਼ ਵਿਸ਼ਵ ਵਿੱਚ ਸ਼ਹਿਦ ਪੈਦਾ ਕਰਨ ਵਾਲੇ ਪਹਿਲੇ 10 ਦੇਸ਼ਾਂ 'ਚ ਸ਼ਾਮਿਲ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੀ ਇਸ ਧੰਦੇ ਨਾਲ ਜੋੜਨ ਲਈ ਕਿਸਾਨਾਂ ਨੂੰ ਸਿਖਲਾਈ ਦਿੰਦੀ ਹੈ। ਬਾਗਬਾਨੀ ਵਿਭਾਗ ਵੀ ਸ਼ਹਿਦ ਦੀਆਂ ਮੱਖੀਆਂ ਪਾਲਣ ਲਈ ਸਹੂਲਤਾਂ ਪ੍ਰਦਾਨ ਕਰਦਾ ਹੈ। ਹੁਣ ਦੇਸੀ ਮੱਖੀ, ਡੂੰਮਣੀ ਮੱਖੀ, ਕਾਲੀ ਮੱਖੀ ਦੀ ਹੋਂਦ ਦਿਨੋਂ-ਦਿਨ ਲੁਪਤ ਹੁੰਦੀ ਜਾ ਰਹੀ ਹੈ।



# ਨਿੰਬੂ-ਜਾਤੀ ਦੇ ਬੂਟਿਆਂ ਵਿਚ ਗੂੰਦੀਆਂ ਰੋਗ ਦੀ ਸੁਚੱਜੀ ਰੋਕਥਾਮ

ਅਮਰਿੰਦਰ ਕੌਰ ਅਤੇ ਅਨੀਤਾ ਅਰੋੜਾ, ਫ਼ਲ ਵਿਗਿਆਨ ਵਿਭਾਗ (ਮੋ. 95179-00030)

ਨਿੰਬੂ-ਜਾਤੀ ਦੇ ਬੂਟਿਆਂ ਦੀ ਵਿਚ ਗੂੰਦੀਆਂ ਰੋਗ ਇਕ ਗੰਭੀਰ ਸਮੱਸਿਆ ਹੈ। ਭਾਰੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ (ਜਿੱਥੇ ਪਾਣੀ ਦੀ ਸਤਹਿ ਨੇੜੇ ਹੋਵੇ) ਵਿਚ ਇਹ ਬਿਮਾਰੀ ਜ਼ਿਆਦਾ ਨੁਕਸਾਨ ਕਰਦੀ ਹੈ। ਇਸ ਉੱਲੀ ਦੇ ਕਣ ਜ਼ਮੀਨ ਵਿਚ ਪਾਏ ਜਾਂਦੇ ਹਨ, ਜਿਸ ਕਾਰਨ ਇਹ ਉੱਲੀ ਜ਼ਮੀਨ ਦੇ ਅੰਦਰ-ਅੰਦਰ ਹੀ ਖ਼ੁਰਾਕੀ ਜੜ੍ਹਾਂ ਨੂੰ ਖ਼ਤਮ ਕਰ ਦਿੰਦੀ ਹੈ। ਬਾਗ ਵਿਚ ਬੂਟਿਆਂ ਦੇ ਪੈਰ ਦਾ ਗਾਲਾ, ਗੂੰਦ ਨਿਕਲਣਾ, ਖ਼ੁਰਾਕੀ ਜੜ੍ਹਾਂ ਦਾ ਗਾਲਾ, ਪੱਤਿਆਂ ਦਾ ਝੜਨਾ ਅਤੇ ਫ਼ਲ ਦਾ ਗਾਲਾ ਆਦਿ ਲੱਛਣ ਨਜ਼ਰ ਆਉਂਦੇ ਹਨ। ਤਣੇ ਦੇ ਪਿਉਂਦ ਵਾਲੇ ਹਿੱਸੇ ਨੇੜਿਉਂ ਗੂੰਦ ਨਿਕਲਣਾ ਇਸ ਬਿਮਾਰੀ ਦੀ ਪਹਿਲੀ ਨਿਸ਼ਾਨੀ ਹੈ। ਇਸ ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਨੂੰ ਬਹੁਤ ਫੁੱਲ ਆਉਂਦੇ ਹਨ, ਜੋ ਫ਼ਲ ਦੇ ਬਣਨ ਤੋਂ ਪਹਿਲਾਂ ਹੀ ਡਿੱਗ ਜਾਂਦੇ ਹਨ ਤੇ ਬੂਟੇ ਫ਼ਲ ਦੇ ਪੱਕਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

**ਰੋਕਥਾਮ :**

**ਸਾਵਧਾਨੀਆਂ :** ਬਾਗ ਲਗਾਉਣ ਲਈ ਬੂਟੇ ਰੋਗ ਰਹਿਤ ਨਰਸਰੀ ਤੋਂ ਲਉ। ਬੂਟੇ ਲਗਾਉਣ ਸਮੇਂ ਉਸਦੀ ਪਿਉਂਦੀ ਅੱਖ ਨੂੰ ਜ਼ਮੀਨ ਤੋਂ 9 ਇੰਚ ਉੱਚਾ ਰੱਖੋ। ਖੁੱਲ੍ਹਾ ਪਾਣੀ ਲਗਾਉਣ ਤੋਂ ਗੁਰੇਜ਼ ਕਰੋ। ਪਾਣੀ ਦੇ ਨਿਕਾਸ ਦਾ ਚੰਗਾ ਪ੍ਰਬੰਧ ਕਰੋ। ਸਿੰਚਾਈ ਸਮੇਂ ਰੋਗੀ ਬੂਟੇ ਨੂੰ ਵੱਟਾਂ ਬਣਾ ਕੇ ਪਾਣੀ ਲਗਾਓ ਤਾਂ ਕਿ ਪਾਣੀ ਰਾਹੀਂ ਬਿਮਾਰੀ ਇਸ ਤੋਂ ਅੱਗੇ ਨਾ ਫ਼ੈਲ ਸਕੇ। ਬੂਟੇ ਦੇ ਘੇਰੇ ਨੂੰ ਸਾਫ਼ ਰੱਖੋ। ਬਾਗ ਵਿਚ ਕੰਮ-ਕਾਰ ਕਰਦੇ ਸਮੇਂ ਤਣੇ ਤੇ ਜੜ੍ਹਾਂ ਨੂੰ ਜ਼ਖ਼ਮੀ ਹੋਣ ਤੋਂ ਬਚਾਉ। ਤਣੇ ਦੇ ਆਲੇ-ਦੁਆਲੇ ਮਿੱਟੀ ਨਾ ਚੜ੍ਹਾਉ। ਜੇ ਬੂਟੇ ਦਾ ਤਣਾ ਅੱਧ ਨਾਲੋਂ ਜ਼ਿਆਦਾ ਗਲ ਗਿਆ ਹੋਵੇ ਤਾਂ ਬੂਟੇ ਨੂੰ ਪੁੱਟਣ ਵਿੱਚ ਹੀ ਫਾਇਦਾ ਹੈ।

**ਇਲਾਜ :** ਬੂਟੇ ਨੂੰ ਇਲਾਜ ਕਰਨ ਲਈ ਇਹ ਜ਼ਰੂਰੀ ਹੈ ਕਿ ਬਿਮਾਰੀ ਵਾਲੇ ਹਿੱਸੇ ਨਾਲ ਥੋੜ੍ਹਾ ਜਿਹਾ ਤੰਦਰੁਸਤ ਹਿੱਸਾ ਵੀ ਖੁਰਚ ਦਿਉ। ਜ਼ਖ਼ਮ ਨੂੰ ਕਿਰਮ ਰਹਿਤ ਘੋਲ ਨਾਲ ਸਾਫ਼ ਕਰੋ। ਉਤਾਰੀ ਹੋਈ ਰੋਗੀ ਛਿੱਲ ਨੂੰ ਇਕੱਠਾ ਕਰਕੇ ਨਸ਼ਟ ਕਰ ਦਿਉ ਤਾਂ ਜੋ ਉੱਲੀ ਜ਼ਮੀਨ ਵਿਚ ਫ਼ੈਲ ਨਾ ਸਕੇ। ਸਾਫ਼ ਕੀਤੇ ਜ਼ਖ਼ਮਾਂ ਤੇ 2 ਗ੍ਰਾਮ ਕਰਜ਼ੇਟ ਐਮ-8 ਨੂੰ 100 ਮਿਲੀਲੀਟਰ ਅਲਸੀ ਦੇ ਤੇਲ ਵਿਚ ਘੋਲ ਕੇ ਜ਼ਖ਼ਮਾਂ ਤੇ ਮਲ ਦਿਉ। ਅਗਸਤ ਮਹੀਨੇ ਵਿੱਚ ਫਿਰ 25 ਗ੍ਰਾਮ ਕਰਜ਼ੇਟ ਐਮ-8 ਨੂੰ 10 ਲਿਟਰ ਪਾਣੀ ਵਿਚ ਘੋਲ ਕੇ ਹਰ ਇੱਕ ਬੂਟੇ ਦੇ ਤਣੇ ਦੇ ਚਾਰ ਚੁਫ਼ੇਰੇ ਵਾਲੀ ਮਿੱਟੀ ਨੂੰ ਚੰਗੀ ਤਰ੍ਹਾਂ ਗੜੁੱਚ ਕਰ ਦਿਉ। ਇਸ ਤੋਂ ਇਲਾਵਾ ਇਸੇ ਮਹੀਨੇ ਵਿਚ ਬੂਟਿਆਂ ਦੀਆਂ ਮੁੱਢਾਂ ਅਤੇ ਛੱਤਰੀ ਹੇਠ ਸੋਡੀਹਾਈਪੋਕਲੋਰਾਈਟ 5% (50 ਮਿ.ਲਿ. 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟੇ) ਦਾ ਛਿੜਕਾਅ ਅਤੇ ਇੱਕ ਹਫਤੇ ਬਾਅਦ 100 ਗ੍ਰਾਮ ਟਰਾਈਕੋਡਰਮਾ ਐਸਪੇਰੇਲਮ (ਸਟਰੈਨ ਟੀ 20) 2.5 ਕਿੱਲੋ ਰੂੜੀ ਦੀ ਖਾਦ ਵਿੱਚ ਮਿਲਾ ਕੇ ਬੂਟਿਆਂ ਦੀਆਂ ਮੁੱਢਾਂ ਵਿਚ ਪਾਉਣ ਨਾਲ ਇਸ ਬਿਮਾਰੀ ਦੀ ਸੁਚੱਜੀ ਰੋਕਥਾਮ ਕੀਤੀ ਜਾ ਸਕਦੀ ਹੈ।





# ਨਿੰਬੂ ਜਾਤੀ ਦੇ ਫ਼ਲਾਂ 'ਤੇ ਫ਼ਲ ਦੀ ਮੱਖੀ ਦੇ ਹਮਲੇ ਤੋਂ ਰਹੋ ਸੁਚੇਤ

ਨਿੰਬੂ ਜਾਤੀ ਦੇ ਫ਼ਲਾਂ ਤੇ ਫ਼ਲ ਦੀ ਮੱਖੀ (ਫ਼ਰੂਟ ਫ਼ਲਾਈ) ਰੰਗ ਬਦਲ ਰਹੇ ਫ਼ਲਾਂ ਕਰਕੇ ਉੱਪਰਲੀ ਤਹਿ ਦੇ ਥੱਲੇ ਆਂਡੇ ਦਿੰਦੀਆਂ ਹਨ । ਨਰ ਮੱਖੀਆਂ ਕੋਈ ਨੁਕਸਾਨ ਨਹੀਂ ਕਰਦੀਆਂ । ਛੇਦ ਕੀਤੇ ਫ਼ਲਾਂ ਵਿੱਚ ਡੂੰਘਾਂ ਬਣ ਜਾਂਦੀਆਂ ਹਨ ਤੇ ਇਹਨਾਂ ਦਾ ਰੰਗ



ਗੂੜਾ ਹਰਾ ਦਿਸਦਾ ਹੈ । ਹੌਲੀ-ਹੌਲੀ ਫ਼ਲਾਂ ਤੇ ਹੋਏ ਛੇਦਾਂ ਦੇ ਦੁਆਲੇ ਦਾ ਖਰਾਬ ਹਿੱਸਾ ਫੈਲਣ ਲਗ ਜਾਂਦਾ ਹੈ ਅਤੇ ਪੀਲਾ ਹੋ ਜਾਂਦਾ ਹੈ । ਹਮਲੇ ਵਾਲੇ ਫ਼ਲਾਂ ਤੇ ਮੱਖੀ ਦੇ ਡੰਗਣ ਕਰਕੇ ਮੋਰੀਆਂ ਹੋ ਜਾਂਦੀਆਂ ਹਨ, ਜਿਸ ਕਰਕੇ ਫ਼ਲਾਂ ਤੇ ਜੀਵਾਣੂਆਂ ਅਤੇ ਉੱਲੀਆਂ ਦਾ ਹਮਲਾ ਹੋ ਜਾਂਦਾ ਹੈ । ਅਜਿਹੇ ਫ਼ਲ ਗਲ ਜਾਂਦੇ ਹਨ ਤੇ ਹੌਲੀ-ਹੌਲੀ ਧਰਤੀ ਤੇ ਡਿੱਗ ਪੈਂਦੇ ਹਨ ਅਤੇ ਖਾਣ ਯੋਗ ਨਹੀਂ ਰਹਿੰਦੇ । ਬਰਸਾਤਾਂ ਦੇ ਮੌਸਮ ਕਰਕੇ ਅਗਸਤ ਤੋਂ ਅਕਤੂਬਰ ਵਿੱਚ ਇਸ ਦਾ ਹਮਲਾ ਬਹੁਤ ਗੰਭੀਰ ਹੁੰਦਾ ਹੈ ।

ਇਨ੍ਹਾਂ ਮੱਖੀਆਂ ਦੀ ਰੋਕਥਾਮ ਔਖੀ ਹੈ ਕਿਉਂਕਿ ਇਹ ਬਹੁਤ ਫ਼ਲਦਾਰ ਬੂਟਿਆਂ ਤੇ ਹਮਲਾ ਕਰਦੀਆਂ ਹਨ, ਇਕ ਸਾਲ ਵਿੱਚ ਇਹਨਾਂ ਦੀਆਂ ਕਈ ਪੀੜ੍ਹੀਆਂ ਪੈਦਾ ਹੋ ਜਾਂਦੀਆਂ ਹਨ, ਬਾਲਗ ਮੱਖੀਆਂ ਲੰਬੀ ਉਡਾਰੀ ਮਾਰਨ ਦੀ ਸਮਰੱਥਾ ਰੱਖਦੀਆਂ ਹਨ ਅਤੇ ਮੱਖੀਆਂ ਤਿੰਨ ਮਹੀਨੇ ਤੋਂ ਵਧੇਰੇ ਉਮਰ ਭੋਗ ਲੈਂਦੀਆਂ ਹਨ ।

**ਫ਼ਲ ਦੀਆਂ ਮੱਖੀਆਂ ਦੀ ਰੋਕਥਾਮ** : ਹਮਲੇ ਹੇਠ ਆਏ ਸਾਰੇ ਫ਼ਲ ਨਸ਼ਟ ਕਰ ਦੇਣੇ ਚਾਹੀਦੇ ਹਨ । ਸੁੰਡੀ ਵਾਲੇ ਫ਼ਲ ਜੋ ਕਿ ਬੂਟੇ ਹੇਠਾਂ ਜ਼ਮੀਨ ਤੇ ਡਿੱਗੇ ਹੁੰਦੇ ਹਨ, ਮੱਖੀ ਦੀ ਗਿਣਤੀ ਵਧਾਉਣ ਵਿੱਚ ਬਹੁਤ ਸਹਾਈ ਸਿੱਧ ਹੁੰਦੇ ਹਨ । ਇਸ ਲਈ ਇਨ੍ਹਾਂ ਸੁੰਡੀਆਂ ਵਾਲੇ ਫ਼ਲਾਂ ਨੂੰ ਨਸ਼ਟ ਕਰਨਾ ਬਹੁਤ ਜ਼ਰੂਰੀ ਹੈ । ਅਜਿਹਾ ਕਰਨ ਨਾਲ ਸੀਜ਼ਨ ਦੇ ਅਖੀਰ ਵਿੱਚ ਮੱਖੀ ਦੀ ਗਿਣਤੀ ਕਾਫ਼ੀ ਘੱਟ ਜਾਂਦੀ ਹੈ । ਇਸ ਮੱਖੀ ਦੀ ਸੁਚੱਜੀ ਰੋਕਥਾਮ ਕਰਨ ਲਈ ਜ਼ਮੀਨ ਤੇ ਡਿੱਗੇ ਫ਼ਲਾਂ ਨੂੰ ਨਸ਼ਟ ਕਰਨਾ ਬਹੁਤ ਮਹੱਤਵਪੂਰਨ ਹੈ । ਨੁਕਸਾਨੇ ਹੋਏ ਫ਼ਲ 60 ਸੈਂਟੀਮੀਟਰ ਡੂੰਘਾ ਟੋਇਆ ਪੁੱਟ ਕੇ ਦਬਾ ਦੇਣੇ ਚਾਹੀਦੇ ਹਨ । ਟੋਏ ਨੂੰ ਉੱਪਰੋਂ ਮਿੱਟੀ ਨਾਲ ਚੰਗੀ ਤਰ੍ਹਾਂ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਬਹੁਤੇ ਸਮੇਂ ਲਈ ਟੋਏ ਅਣਢੱਕੇ ਨਹੀਂ ਰਹਿਣ ਦੇਣੇ ਚਾਹੀਦੇ । ਅਜਿਹਾ ਕਰਨ ਨਾਲ



ਮੱਖੀ ਦੀਆਂ ਵੱਖ-ਵੱਖ ਅਵਸਥਾਵਾਂ ਮਿੱਟੀ ਵਿੱਚੋਂ ਬਾਹਰ ਨਹੀਂ ਨਿਕਲ ਸਕਦੀਆਂ । ਬਾਗਾਂ ਵਿੱਚ ਇਸ ਤਰ੍ਹਾਂ ਕਰਨਾ ਜ਼ਰੂਰੀ ਹੈ ਨਹੀਂ ਤਾਂ ਕਿਰੇ ਹੋਏ ਫ਼ਲਾਂ ਦੀ ਵਾਸ਼ਨਾ ਨਾਲ ਫ਼ਲ ਦੀਆਂ ਮੱਖੀਆਂ ਦੂਰ ਤੋਂ ਵੀ ਕਿਰੇ ਫ਼ਲਾਂ ਵੱਲ ਖਿੱਚੀਆਂ ਚਲੀਆਂ ਆਉਂਦੀਆਂ ਹਨ, ਜਿਸ ਨਾਲ ਹਮਲਾ ਹੋਰ ਗੰਭੀਰ ਹੋਣ ਦੀ ਸੰਭਾਵਨਾ ਰਹਿੰਦੀ ਹੈ । ਬਾਗਬਾਨ ਵੀਰਾਂ ਨੂੰ ਸਾਵਧਾਨੀ ਰੱਖਣੀ ਚਾਹੀਦੀ ਹੈ ਕਿ ਫ਼ਲਾਂ ਦੀ ਤੁੜਾਈ ਤੋਂ ਮਗਰੋਂ ਬਚੇ ਹੋਏ ਬਹੁਤ ਛੋਟੇ ਆਕਾਰ ਦੇ ਫ਼ਲਾਂ ਨੂੰ ਵੀ ਤੋੜ ਕੇ ਨਸ਼ਟ ਕਰ ਦੇਣ । ਇਸ ਤਰ੍ਹਾਂ ਕਰਨ ਨਾਲ ਮੱਖੀਆਂ ਦੀ ਜਨਸੰਖਿਆ ਬੇ-ਮੌਸਮੇ ਫ਼ਲਾਂ ਤੇ ਨਹੀਂ ਪਲਦੀ ।

**ਪੀ. ਏ. ਯੂ. ਫ਼ਰੂਟ ਫ਼ਲਾਈ ਟਰੈਪ** : ਫ਼ਲ ਦੀਆਂ ਮੱਖੀਆਂ ਦੀ ਵਾਤਾਵਰਣ-ਸਹਾਈ ਰੋਕਥਾਮ ਲਈ ਅਗਸਤ ਦੇ ਦੂਜੇ ਹਫ਼ਤੇ ਪੀ. ਏ. ਯੂ. ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ) ਲਗਾਉ । ਲੋੜ ਪੈਣ ਤੇ 30 ਦਿਨਾਂ ਬਾਅਦ ਦੁਬਾਰਾ ਟਰੈਪ ਲਗਾਉ ।


**ਰਾਕੇਸ਼ ਕੁਮਾਰ ਸ਼ਰਮਾ ਅਤੇ ਸੰਦੀਪ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ, ਗੰਗੀਆਂ, ਹੁਸ਼ਿਆਰਪੁਰ**
ਮੋਬਾਇਲ : 98728-82111

# ਦੇਸ਼ ਲਈ ਰੋਲ ਮਾਡਲ ਬਣਿਆ ਪੰਜਾਬ

ਭਾਰਤ ਨੇ ਅੱਜ ਆਜ਼ਾਦ, ਪ੍ਰਭੂਸੱਤਾ ਸੰਪੰਨ ਅਤੇ ਜਮਹੂਰੀ ਮੁਲਕ ਵਜੋਂ 78 ਵਰ੍ਹੇ ਪੂਰੇ ਕਰ ਲਏ ਹਨ। ਮਹਾਨ ਆਜ਼ਾਦੀ ਘੁਲਾਟੀਆਂ ਅਤੇ ਕੌਮੀ ਨਾਇਕਾਂ ਦੇ ਸੁਪਨੇ ਸਾਕਾਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਿੱਖਿਆ, ਸਿਹਤ ਅਤੇ ਰੋਜ਼ਗਾਰ ਵਰਗੇ ਖੇਤਰਾਂ ਨੂੰ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੀ ਅਲਾਮਤ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਸਖਤੀ ਨਾਲ ਅਪਨਾਈ ਹੋਈ ਹੈ।

ਬੀਤੇ ਸਮੇਂ ਤੋਂ ਭਾਰਤ, ਵਿਸ਼ਵ ਦੀ ਸਭ ਤੋਂ ਵੱਡੀ ਜਮਹੂਰੀਅਤ ਵਜੋਂ ਉੱਭਰਿਆ ਹੈ ਜੋ ਅਮਨ-ਸ਼ਾਂਤੀ, ਸਦਭਾਵਨਾ ਅਤੇ ਤਰੱਕੀ ਪ੍ਰਤੀ ਦ੍ਰਿੜ੍ਹ ਨਿਸ਼ਚਾ ਅਤੇ ਵਚਨਬੱਧਤਾ ਦੀ ਖ਼ੂਬਸੂਰਤ ਮਿਸਾਲ ਹੈ। ਇਸ ਪਵਿੱਤਰ ਮੌਕੇ 'ਤੇ ਮੈਂ ਦੇਸ਼-ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਦੀ ਤਰਫੋਂ ਸਮੂਹ ਦੇਸ਼ ਵਾਸੀਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕਬਾਦ ਦਿੰਦਾ ਹਾਂ। ਮੈਂ ਤੁਹਾਡੇ ਸਾਰਿਆਂ ਲਈ ਚੰਗੀ ਸਿਹਤ, ਖੁਸ਼ਹਾਲੀ ਅਤੇ ਰੌਸ਼ਨ ਭਵਿੱਖ ਲਈ ਕਾਮਨਾ ਕਰਦਾ ਹਾਂ।

ਇਸ ਇਤਿਹਾਸਕ ਦਿਹਾੜੇ 'ਤੇ ਮੈਂ ਕੌਮੀ ਆਜ਼ਾਦੀ ਸੰਘਰਸ਼ ਦੇ ਮਹਾਨ ਸ਼ਹੀਦਾਂ ਅਤੇ ਆਜ਼ਾਦੀ ਦੇ ਪਰਵਾਨਿਆਂ ਅੱਗੇ ਸਿਰ ਝੁਕਾਉਂਦਾ ਹਾਂ ਜਿਨ੍ਹਾਂ ਨੇ ਲਾਮਿਸਾਲ ਬਹਾਦਰੀ ਤੇ ਸੂਰਬੀਰਤਾ ਦਾ ਪ੍ਰਗਟਾਵਾ ਕਰਕੇ ਸਾਡੇ ਮੁਲਕ ਨੂੰ ਬਰਤਾਨਵੀ ਸਾਮਰਾਜਵਾਦ ਦੇ ਜੂਲੇ ਤੋਂ ਮੁਕਤ ਕਰਵਾਇਆ। ਆਓ, ਅੱਜ ਦੇ ਇਸ ਇਤਿਹਾਸਕ ਮੌਕੇ ਆਪਣੇ ਆਪ ਨੂੰ ਉਨ੍ਹਾਂ ਦੇਸ਼ ਭਗਤਾਂ ਦੀ ਦੂਰਅੰਦੇਸ਼ ਸੋਚ ਪ੍ਰਤੀ ਸਮਰਪਿਤ ਕਰੀਏ ਜਿਨ੍ਹਾਂ ਨੇ ਆਜ਼ਾਦੀ ਅਤੇ ਪ੍ਰਭੂਸੱਤਾ ਸੰਪੰਨ ਭਾਰਤ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਦਿੱਤਾ।

ਭਾਰਤੀ ਆਜ਼ਾਦੀ ਸੰਘਰਸ਼ ਵਿੱਚ ਪੰਜਾਬੀਆਂ ਦੀ ਵਿਲੱਖਣ ਤੇ ਲਾਮਿਸਾਲ ਭੂਮਿਕਾ ਕਿਸੇ ਤੋਂ ਲੁਕੀ-ਛਿਪੀ ਨਹੀਂ ਕਿਉਂਕਿ ਇਹ ਤੱਥ ਰਿਕਾਰਡ 'ਤੇ ਦਰਜ ਹੈ ਕਿ ਬਰਤਾਨਵੀ ਹਕੂਮਤ ਦੇ ਖਿਲਾਫ ਜਾਨਾਂ ਨਿਛਾਵਰ ਕਰਨ ਵਾਲਿਆਂ ਵਿੱਚ 80 ਫੀਸਦੀ ਤੋਂ ਵੱਧ ਪੰਜਾਬੀ ਸਨ। ਇੱਥੋਂ ਤੱਕ ਕਿ ਬਹਾਦਰ ਪੰਜਾਬੀਆਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਚਲਾਈਆਂ ਲਹਿਰਾਂ ਨੇ ਸਦੀਆਂ ਪੁਰਾਣੇ ਬਰਤਾਨਵੀ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ। ਭਾਈ ਮਹਾਰਾਜ ਸਿੰਘ ਪਹਿਲਾ ਪੰਜਾਬੀ ਯੋਧਾ ਸੀ ਜਿਸ ਨੇ ਇਸ ਨੇਕ ਕਾਰਜ ਲਈ ਸ਼ਹਾਦਤ ਦਿੱਤੀ ਸੀ।

ਸਾਡੇ ਮਹਾਨ ਸਹੀਦ ਅਤੇ ਧਰਤੀ ਦੇ ਸਪੂਤ ਸਹੀਦ ਭਗਤ ਸਿੰਘ, ਸਹੀਦ ਰਾਜਗੁਰੂ, ਸਹੀਦ ਸੁਖਦੇਵ, ਲਾਲਾ ਲਾਜਪਤ ਰਾਏ, ਸਹੀਦ ਊਧਮ ਸਿੰਘ, ਸਹੀਦ ਕਰਤਾਰ ਸਿੰਘ ਸਰਾਭਾ, ਦੀਵਾਨ ਸਿੰਘ ਕਾਲੇਪਾਣੀ, ਬਾਬਾ ਰਾਮ ਸਿੰਘ, ਸੋਹਣ ਸਿੰਘ ਭਕਨਾ ਅਤੇ ਕਈ ਹੋਰ ਅਣਗੌਲੇ ਨਾਇਕਾਂ ਨੇ ਆਜਾਦੀ ਦੇ ਅੰਤਮ ਟੀਚੇ ਨੂੰ ਪ੍ਰਾਪਤ ਕਰਦੇ ਹੋਏ ਆਪਣੇ ਖੂਨ ਦਾ ਕਤਰਾ-ਕਤਰਾ ਵਹਾ ਦਿੱਤਾ।

ਦੇਸ ਦੇ ਆਜਾਦੀ ਸੰਗਰਾਮ ਦੀਆਂ ਵੱਖ-ਵੱਖ ਲਹਿਰਾਂ ਜਿਵੇਂ ਕਿ ਕੂਕਾ ਲਹਿਰ, ਗਦਰ ਲਹਿਰ, ਬੱਬਰ ਅਕਾਲੀ ਲਹਿਰ, ਕਿਸਾਨ ਲਹਿਰਾਂ, ਕਾਮਾਗਾਟਾਮਾਰੂ, ਜਲ੍ਹਿਆਂਵਾਲਾ ਬਾਗ ਕਤਲੇਆਮ, ਗੁਰਦੁਆਰਿਆਂ ਦੀ ਮੁਕਤੀ ਲਹਿਰ, ਜੈਤੋ ਮੋਰਚਾ ਅਤੇ ਪਰਜਾ ਮੰਡਲ ਲਹਿਰ ਵਿੱਚ ਯੋਧਿਆਂ ਦੁਆਰਾ ਦਿੱਤੀਆਂ ਗਈਆਂ ਮਹਾਨ ਕੁਰਬਾਨੀਆਂ ਸਾਡੀ ਨੌਜਵਾਨ ਪੀੜ੍ਹੀ ਦੇ ਮਨਾਂ ਵਿੱਚ ਦੇਸ ਭਗਤੀ ਅਤੇ ਰਾਸਟਰਵਾਦ ਦੀ ਭਾਵਨਾ ਜਗਾਉਣ ਲਈ ਹਮੇਸ਼ਾ ਪ੍ਰੇਰਨਾ ਸਰੋਤ ਰਹਿਣਗੀਆਂ।

ਜਦੋਂ ਦੇਸ ਦਾ ਬਾਕੀ ਹਿੱਸਾ ਆਜਾਦੀ ਦੇ ਜਸਨ ਮਨਾ ਰਿਹਾ ਸੀ, ਉਦੋਂ ਪੰਜਾਬ ਹਿੰਸਕ ਵੰਡ ਦੇ ਭਿਆਨਕ ਦੌਰ ਵਿੱਚੋਂ ਲੰਘ ਰਿਹਾ ਸੀ ਜਿਸ ਵਿੱਚ ਲੱਖਾਂ ਪੰਜਾਬੀਆਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ, ਲੱਖਾਂ ਬੇਘਰ ਹੋ ਗਏ ਅਤੇ ਹੋਰ ਬਹੁਤ ਸਾਰਿਆਂ ਨੇ ਆਪਣੀਆਂ ਜਮੀਨਾਂ ਤੇ ਜਾਇਦਾਦਾਂ ਗੁਆ ਦਿੱਤੀਆਂ। ਆਜਾਦੀ ਤੋਂ ਬਾਅਦ ਵੀ ਜਦੋਂ ਭਾਰਤ ਨੂੰ ਅੰਦਰੂਨੀ ਜਾਂ ਬਾਹਰੀ ਹਮਲੇ ਦਾ ਸਾਹਮਣਾ ਕਰਨਾ ਪਿਆ ਤਾਂ ਪੰਜਾਬੀਆਂ ਨੇ ਸਭ ਤੋਂ ਅੱਗੇ ਹੋ ਕੇ ਦੇਸ ਦੀ ਅਗਵਾਈ ਕੀਤੀ। ਇਸ ਸੱਚ ਤੋਂ ਹਰ ਕੋਈ ਜਾਣੂੰ ਹੈ ਕਿ ਸੂਬੇ ਦੇ ਮਿਹਨਤੀ ਕਿਸਾਨਾਂ ਨੇ ਦੇਸ ਨੂੰ ਅਨਾਜ ਉਤਪਾਦਨ ਵਿੱਚ ਆਤਮ-ਨਿਰਭਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਇੱਥੇ ਮੈਂ ਆਪਣੇ ਸਾਥੀ ਪੰਜਾਬੀਆਂ ਦੇ ਸ਼ਲਾਘਾ ਕਰਨੀ ਚਾਹੁੰਦਾ ਹਾਂ ਜੋ ਸਖਤ ਘਾਲਣਾ ਘਾਲ ਕੇ ਭਾਰਤ ਦੀ ਆਜ਼ਾਦੀ ਦੀ ਡਟ ਕੇ ਰਾਖੀ ਕਰਨ ਅਤੇ ਸਮੂਹਿਕ ਵਿਕਾਸ, ਸਾਂਤੀ ਅਤੇ ਖੁਸਹਾਲੀ ਦੇ ਯੁੱਗ ਦੀ ਸ਼ੁਰੂਆਤ ਕਰਨ ਵਿੱਚ ਸਾਨਦਾਰ ਯੋਗਦਾਨ ਪਾ ਰਹੇ ਹਨ। ਇਹ ਬਹੁਤ ਮਾਣ ਅਤੇ ਸੰਤੁਸਟੀ ਦੀ ਗੱਲ ਹੈ ਕਿ ਜਦੋਂ ਵੀ ਸਾਡੇ ਦੇਸ ਦੀ ਪ੍ਰਭੂਸੱਤਾ ਨੂੰ ਬਾਹਰੀ ਅਤੇ ਅੰਦਰੂਨੀ ਹਮਲੇ ਤੋਂ ਕੋਈ ਖਤਰਾ ਹੋਇਆ ਹੈ, ਸਾਡੇ ਬਹਾਦਰ ਪੰਜਾਬੀ ਦੇਸ ਦੀ ਏਕਤਾ ਤੇ ਅਖੰਡਤਾ ਅਤੇ ਅਣਖ ਦੀ ਰਾਖੀ ਲਈ ਜਾਨ ਤਲੀ 'ਤੇ ਰੱਖ ਕੇ ਡਟ ਗਏ। ਉਦਾਹਰਣ ਵਜੋਂ ਸਾਲ 1965 ਅਤੇ 1971 ਦੀਆਂ ਭਾਰਤ-ਪਾਕਿ ਜੰਗਾਂ, ਕਾਰਗਿਲ ਜੰਗ, ਕਸਮੀਰ ਅਤੇ ਭਾਰਤ ਦੇ ਹੋਰ ਹਿੱਸਿਆਂ ਵਿੱਚ ਘੁਸਪੈਠ ਨੂੰ ਰੋਕਣ ਵਿੱਚ ਬਹਾਦਰ ਪੰਜਾਬੀ ਸੈਨਿਕਾਂ ਨੇ ਹਮੇਸ਼ਾ ਬਹਾਦਰੀ ਦਾ ਪ੍ਰਗਟਾਵਾ ਕੀਤਾ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲ ਹੀ ਵਿੱਚ ਹੋਏ ਤਣਾਅ ਦੌਰਾਨ ਵੀ ਪੰਜਾਬੀ ਦੇਸ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਸਭ ਤੋਂ ਅੱਗੇ ਸਨ।

ਆਜਾਦੀ ਦਿਵਸ ਖੁਸੀ ਅਤੇ ਜਸਨਾਂ ਦਾ ਮੌਕਾ ਹੋਣ ਦੇ ਨਾਲ-ਨਾਲ ਸਵੈ-ਪੜਚੋਲ ਅਤੇ ਸੂਬੇ ਦੇ ਤੇਜ ਵਿਕਾਸ ਲਈ ਨਵੇਂ ਟੀਚੇ ਨਿਰਧਾਰਤ ਕਰਨ ਦਾ ਵੀ ਮੌਕਾ ਹੈ। ਸਾਨੂੰ ਸਦਭਾਵਨਾ ਅਤੇ ਬਰਾਬਰੀ ਵਾਲੇ ਸਮਾਜ ਨੂੰ ਯਕੀਨੀ ਬਣਾ ਕੇ ਆਜਾਦੀ ਘੁਲਾਟੀਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਮੁੜ ਸਮਰਪਿਤ ਕਰਨਾ ਚਾਹੀਦਾ ਹੈ। ਸਾਨੂੰ ਦੇਸ਼ ਵਾਸੀਆਂ ਨੂੰ ਆਪਣੇ ਆਪ ਵਿੱਚ ਰਾਸਟਰਵਾਦੀ ਭਾਵਨਾ ਦੀ ਚਿਣਗ ਬਾਲਣੀ ਚਾਹੀਦੀ ਹੈ ਜੋ ਸਹੀ ਮਾਅਨਿਆਂ ਵਿੱਚ ਮਜਬੂਤ ਰਾਸਟਰ ਦਾ ਅਧਾਰ ਹੈ।

ਇਹ ਸੱਚ ਕਿਸੇ ਤੋਂ ਲੁਕਿਆ ਨਹੀਂ ਕਿ ਸੂਬੇ ਦੇ ਮਿਹਨਤਕਸ਼ ਕਿਸਾਨਾਂ ਨੇ ਦੇਸ ਨੂੰ ਅਨਾਜ ਉਤਪਾਦਨ ਵਿੱਚ ਸਵੈ-ਨਿਰਭਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਾਡੇ ਮਿਹਨਤੀ ਕਿਸਾਨਾਂ ਨੇ ਦੇਸ ਨੂੰ ਭੋਜਨ ਦੇਣ ਲਈ ਉਪਜਾਊ ਮਿੱਟੀ ਅਤੇ ਪਾਣੀ ਦੇ ਰੂਪ ਵਿੱਚ ਸੂਬੇ ਦੇ ਕੁਦਰਤੀ ਸਰੋਤਾਂ ਦੀ ਵੀ ਕੁਰਬਾਨੀ ਦੇ ਦਿੱਤੀ। ਮੌਸਮ ਦੀਆਂ ਦੁਸ਼ਵਾਰੀਆਂ ਦੇ ਬਾਵਜੂਦ ਕੌਮੀ ਅਨਾਜ ਭੰਡਾਰ ਵਿੱਚ ਸੂਬੇ ਦਾ ਯੋਗਦਾਨ ਹਮੇਸ਼ਾ ਸਰਵੋਤਮ ਰਿਹਾ ਹੈ।

ਪਰ ਦੁੱਖ ਦੀ ਗੱਲ ਹੈ ਕਿ ਆਜਾਦੀ ਦੇ 78 ਸਾਲ ਬੀਤ ਜਾਣ ਦੇ ਬਾਅਦ ਵੀ ਸਾਡੇ ਆਜਾਦੀ ਘੁਲਾਟੀਆਂ ਅਤੇ ਸ਼ਹੀਦ ਭਗਤ ਸਿੰਘ ਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਵਰਗੇ ਮਹਾਨ ਰਾਸਟਰੀ ਨਾਇਕਾਂ ਦੇ ਸੁਪਨੇ ਅਜੇ ਅਧੂਰੇ ਹਨ। ਆਜਾਦੀ ਤੋਂ ਬਾਅਦ ਦਹਾਕਿਆਂ ਦੌਰਾਨ ਸੂਬੇ ਵਿੱਚ ਸੱਤਾ ਸੰਭਾਲਣ ਵਾਲੀਆਂ ਸਰਕਾਰਾਂ ਤੋਂ ਲੋਕਾਂ ਨੂੰ ਬਹੁਤ ਉਮੀਦਾਂ ਸਨ, ਪਰ ਇਨ੍ਹਾਂ ਸਰਕਾਰਾਂ ਨੇ ਲੋਕਾਂ ਦੀਆਂ ਉਮੀਦਾਂ ਨੂੰ ਮਿੱਟੀ-ਘੱਟੇ ਰੋਲ ਦਿੱਤਾ ਕਿਉਂਕਿ ਭ੍ਰਿਸਟਾਚਾਰ, ਗੁਰਬਤ, ਬੇਰੁਜਗਾਰੀ ਅਤੇ ਹੋਰ ਬਹੁਤ ਸਾਰੀਆਂ ਅਲਾਮਤਾਂ ਦੀਆਂ ਜੜ੍ਹਾਂ ਅਜੇ ਵੀ ਡੂੰਘੀਆਂ ਹਨ।

ਸਾਲ 2022 ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਬਣਨ ਨਾਲ ਪੰਜਾਬ ਵਿੱਚ ਬਦਲਾਅ ਦੀ ਫਿਜ਼ਾ ਦੀ ਗੂੰਜ ਸੁਣਾਈ ਦਿੱਤੀ। ਸਾਡੀ ਸਰਕਾਰ ਨੇ ਨਾ ਸਿਰਫ ਸੂਬੇ ਦੇ ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਵਚਨਬੱਧ ਜ਼ਾਹਰ ਕੀਤੀ ਸੀ, ਸਗੋਂ ਸਾਡੇ ਆਜਾਦੀ ਘੁਲਾਟੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਵੀ ਸੰਕਲਪ ਲਿਆ ਸੀ। ਇਹੀ ਕਾਰਨ ਹੈ ਕਿ ਪਹਿਲੇ ਦਿਨ ਤੋਂ ਹੀ ਅਸੀਂ ਸੱਤਾ ਵਿੱਚ ਆਉਣ ਤੋਂ ਬਾਅਦ, ਪੰਜਾਬ ਦੀ ਪੁਰਾਤਨ ਸਾਨ ਨੂੰ ਬਹਾਲ ਕਰਨ ਲਈ ਹਰ ਸੰਭਵ ਯਤਨ ਕਰ ਰਹੇ ਹਾਂ। ਅਸੀਂ ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਲੋਕਾਂ ਦੇ ਸਹਿਯੋਗ ਨਾਲ ਸਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਦੇ ਆਦਰਸਾਂ ਮੁਤਾਬਕ ਕੰਮ ਕਰ ਰਹੇ ਹਾਂ।

ਅਸੀਂ ਗਰੀਬੀ, ਅਨਪੜ੍ਹਤਾ, ਬੇਰੁਜਗਾਰੀ ਅਤੇ ਸਮਾਜਿਕ ਬੁਰਾਈਆਂ ਤੋਂ ਮੁਕਤ ਨਵਾਂ ਪੰਜਾਬ ਸਿਰਜਣ ਦਾ ਅਹਿਦ ਲਿਆ ਸੀ ਅਤੇ ਸੂਬੇ ਨੂੰ ਤੇਜ਼ ਵਿਕਾਸ ਦੇ ਰਾਹ 'ਤੇ ਪਾ ਦਿੱਤਾ ਹੈ। ਇਹ ਜਾਣ ਕੇ ਖੁਸ਼ੀ ਹੁੰਦੀ ਹੈ ਕਿ ਅਸੀਂ ਹੁਣ ਤੱਕ ਸਿਹਤ, ਸਿੱਖਿਆ, ਰੁਜਗਾਰ, ਬੁਨਿਆਦੀ ਢਾਂਚਾ, ਖੇਤੀਬਾੜੀ, ਬਿਜਲੀ ਅਤੇ ਹੋਰ ਖੇਤਰਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਜਦੋਂ ਅਸੀਂ ਆਪਣੀ ਯਾਤਰਾ ਸੁਰੂ ਕੀਤੀ ਸੀ ਤਾਂ ਸਾਡਾ ਪੈਂਡਾਂ ਮੁਸਕਲਾਂ ਅਤੇ ਰੁਕਾਵਟਾਂ ਨਾਲ ਭਰਿਆ ਹੋਇਆ ਸੀ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਆਪਣੀਆਂ ਗਲਤ ਨੀਤੀਆਂ ਕਾਰਨ ਪੂਰੇ ਸੂਬੇ ਨੂੰ ਵਿੱਤੀ ਸੰਕਟ ਵਿੱਚ ਧੱਕ ਦਿੱਤਾ ਸੀ। ਪੰਜਾਬ ਨੂੰ ਵਿਕਾਸ ਦੀ ਤੇਜ਼ ਰਫਤਾਰ 'ਤੇ ਲਿਆਉਣ ਲਈ 'ਆਪ' ਸਰਕਾਰ ਨੇ ਵਿਆਪਕ ਨੀਤੀਆਂ ਅਤੇ ਪ੍ਰੋਗਰਾਮ ਤਿਆਰ ਕਰਕੇ ਦਲੇਰਾਨਾ ਪਹਿਲਕਦਮੀਆਂ ਕੀਤੀਆਂ ਹਨ ਜਿਨ੍ਹਾਂ ਨੇ ਸਾਨੂੰ ਵੱਖ-ਵੱਖ ਖੇਤਰਾਂ ਵਿੱਚ ਲੋੜੀਂਦੇ ਨਤੀਜੇ ਪ੍ਰਾਪਤ ਕਰਨ ਦੇ ਯੋਗ ਬਣਾਇਆ ਹੈ ਜਿਵੇਂ ਕਿ:

### ਮੁੱਖ ਮੰਤਰੀ ਸਿਹਤ ਯੋਜਨਾ

ਪੰਜਾਬੀਆਂ ਨੂੰ ਚੰਗੀ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਨੇ 'ਮੁੱਖ ਮੰਤਰੀ ਸਿਹਤ ਯੋਜਨਾ' ਸੁਰੂ ਕੀਤੀ ਹੈ ਜੋ ਦੇਸ ਵਿੱਚ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ। ਇਹ ਯੋਜਨਾ ਪੰਜਾਬ ਦੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਗਦੀ ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ। ਇਹ ਬਹੁਤ ਮਾਣ ਅਤੇ ਸੰਤੁਸਟੀ ਦੀ ਗੱਲ ਹੈ ਕਿ ਪੰਜਾਬ 10 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਦੇਣ ਵਾਲਾ ਪਹਿਲਾ ਭਾਰਤੀ ਸੂਬਾ ਹੈ, ਜੋ ਮਿਆਰੀ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਉਂਦੇ ਹੋਏ ਲੋਕਾਂ 'ਤੇ ਵਿੱਤੀ



**ਭਗਵੰਤ ਸਿੰਘ ਮਾਨ**
**ਮੁੱਖ ਮੰਤਰੀ, ਪੰਜਾਬ**

ਬੋਝ ਨੂੰ ਕਾਫੀ ਹੱਦ ਤੱਕ ਘਟਾਏਗਾ। ਇਸ ਇਤਿਹਾਸਕ ਕਦਮ ਦਾ ਉਦੇਸ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਮੁਫਤ ਸਿਹਤ ਸਹੂਲਤਾਂ ਮੁਹੱਈਆ ਕਰਨਾ ਹੈ।

### ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵੇਂ ਸ਼ਹੀਦੀ ਦਿਹਾੜਾ

'ਹਿੰਦ ਦੀ ਚਾਦਰ' (ਮਨੁੱਖਤਾ ਦੇ ਰਾਖੇ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸਹੀਦੀ ਪੁਰਬ ਦੇ ਪਵਿੱਤਰ ਮੌਕੇ ਨੂੰ ਸ਼ਰਧਾ ਤੇ ਸਤਿਕਾਰ ਨਾਲ ਮਨਾਉਣ ਲਈ ਇਤਿਹਾਸਕ ਸਮਾਗਮ ਕਰਵਾਏ ਜਾਣਗੇ। ਗੁਰੂ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਪਿੰਡਾਂ ਅਤੇ ਨਗਰਾਂ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਇਆ ਜਾਵੇਗਾ ਜਿਸ ਲਈ ਵਿਸਥਾਰਤ ਯੋਜਨਾ ਪਹਿਲਾਂ ਹੀ ਤਿਆਰ ਕੀਤੀ ਜਾ ਚੁੱਕੀ ਹੈ। ਸੂਬਾ ਸਰਕਾਰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਗੁਰੂ ਸਾਹਿਬ ਜੀ ਦੀ ਸਾਨਦਾਰ ਵਿਰਾਸਤ ਨੂੰ ਕਾਇਮ ਰੱਖਣ ਲਈ ਵਚਨਬੱਧ ਹੈ।

### ਸ਼ਹੀਦਾਂ ਦੇ ਵਾਰਸਾਂ ਨੂੰ ਇਕ ਕਰੋੜ ਰੁਪਏ ਦੀ ਸਨਮਾਨ ਰਾਸ਼ੀ

ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਵਿੱਚ ਹਥਿਆਰਬੰਦ ਸੈਨਾਵਾਂ, ਅਰਧ ਸੈਨਿਕ ਬਲਾਂ, ਪੁਲਿਸ ਅਤੇ ਇੱਥੋਂ ਤੱਕ ਕਿ ਅਗਨੀਵੀਰ ਜਵਾਨਾਂ ਦੇ ਅਥਾਹ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਸੂਬਾ ਸਰਕਾਰ, ਜਵਾਨਾਂ ਦੇ ਡਿਊਟੀ ਦੌਰਾਨ ਸ਼ਹੀਦ ਹੋਣ ਦੀ ਸੂਰਤ ਵਿੱਚ ਪਰਿਵਾਰ ਨੂੰ ਇਕ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੰਦੀ ਹੈ। ਇਹ ਵਿੱਤੀ ਸਹਾਇਤਾ ਜਵਾਨ ਵੱਲੋਂ ਦੇਸ਼ ਲਈ ਦਿੱਤੀ ਕੁਰਬਾਨੀ ਦੇ ਸਤਿਕਾਰ ਵਜੋਂ ਦਿੱਤੀ ਜਾਂਦੀ ਹੈ। ਸੂਬਾ ਸਰਕਾਰ ਦੀ ਇਹ ਨਿਮਰ ਪਹਿਲ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਨੂੰ ਸੁਰੱਖਿਅਤ ਰੱਖਣ ਲਈ ਜਵਾਨਾਂ ਦੇ ਅਥਾਹ ਯੋਗਦਾਨ ਨੂੰ ਮਾਨਤਾ ਦਿੰਦੀ ਹੈ।

### ਨੌਕਰੀਆਂ ਅਤੇ ਰੋਜ਼ਗਾਰ

ਨੌਜਵਾਨਾਂ ਨੂੰ ਉਨ੍ਹਾਂ ਦੀ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਦੇ ਯਤਨ ਜਾਰੀ ਰੱਖਦਿਆਂ ਮੇਰੀ ਸਰਕਾਰ ਨੇ ਭਰਤੀ ਵਿੱਚ ਨਿਰਪੱਖਤਾ ਅਤੇ ਕੁਸ਼ਲਤਾ ਯਕੀਨੀ ਬਣਾਈ ਹੈ। ਹੁਣ ਤੱਕ ਸੂਬੇ ਦੇ ਨੌਜਵਾਨਾਂ ਨੂੰ 54,000 ਤੋਂ ਵੱਧ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਇਸ ਨਾਲ ਪੰਜਾਬ ਦੇ ਨੌਜਵਾਨ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣੇ ਹਨ।

### ਮੁਫ਼ਤ ਬਿਜਲੀ

ਸੂਬਾ ਸਰਕਾਰ ਨੇ 2022 ਵਿੱਚ ਲੋਕਾਂ ਨੂੰ ਮੁਫਤ ਬਿਜਲੀ ਦੇਣ ਦੀ ਗਰੰਟੀ ਦੀ ਸ਼ੁਰੂਆਤ ਕੀਤੀ ਸੀ ਅਤੇ ਉਦੋਂ ਤੋਂ ਪੰਜਾਬ ਦੇ 90 ਫੀਸਦੀ ਘਰਾਂ ਨੂੰ ਬਿਜਲੀ ਮੁਫ਼ਤ ਮਿਲ ਰਹੀ ਹੈ ਅਤੇ ਉਨ੍ਹਾਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ। ਇਸ ਨਾਲ ਆਮ ਆਦਮੀ ਦੀ ਜੇਬ੍ਹ ਤੋਂ ਵੱਡਾ ਬੋਝ ਘਟਿਆ ਹੈ, ਜਿਸ ਨਾਲ ਗਰੀਬ ਪਰਿਵਾਰਾਂ ਲਈ ਸਾਲਾਨਾ ਘੱਟੋ-ਘੱਟ 35,000 ਰੁਪਏ ਦੀ ਬੱਚਤ ਹੋਈ ਹੈ। ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਘਰੇਲੂ ਖਪਤਕਾਰਾਂ ਦੇ ਨਾਲ-ਨਾਲ ਦੇਸ਼ ਦੇ ਅਨਾਜ ਉਤਪਾਦਕਾਂ ਨੂੰ ਵੀ ਸੂਬੇ ਵਿੱਚ ਮੁਫ਼ਤ ਅਤੇ ਨਿਰਵਿਘਨ ਬਿਜਲੀ ਮਿਲ ਰਹੀ ਹੈ।

### ਨਹਿਰੀ ਪਾਣੀ

ਜਦੋਂ ਮੈਂ ਅਹੁਦਾ ਸੰਭਾਲਿਆ ਸੀ, ਉਦੋਂ ਸੂਬੇ ਵਿੱਚ ਸਿੰਜਾਈ ਲਈ ਸਿਰਫ਼ 21 ਫੀਸਦੀ ਨਹਿਰੀ ਪਾਣੀ ਵਰਤਿਆ ਜਾ ਰਿਹਾ ਸੀ ਜਦੋਂ ਕਿ 63 ਫੀਸਦੀ ਨਹਿਰੀ ਪਾਣੀ ਸਿੰਜਾਈ ਲਈ ਵਰਤਿਆ ਜਾ ਰਿਹਾ ਹੈ, ਜੋ ਮਾਣ ਵਾਲੀ ਗੱਲ ਹੈ। 'ਆਪ' ਸਰਕਾਰ ਨੇ ਹੁਣ ਤੱਕ ਸੂਬੇ ਵਿੱਚ 15947 ਖ਼ਾਲਿਆਂ ਨੂੰ ਸੁਰਜੀਤ ਕੀਤਾ ਹੈ, ਜਿਸ ਕਾਰਨ ਦੂਰ-ਦੁਰਾਡੇ ਪਿੰਡਾਂ ਵਿੱਚ ਵੀ ਨਹਿਰੀ ਪਾਣੀ ਟੇਲਾਂ ਤੱਕ ਪਹੁੰਚਿਆ ਹੈ।

### ਸਿੱਖਿਆ ਕ੍ਰਾਂਤੀ

ਪੰਜਾਬ ਸਰਕਾਰ ਨੇ ਸਾਰੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਸ਼ੁਰੂਆਤ ਕੀਤੀ ਹੈ। ਇਸ ਦੇ ਨਾਲ-ਨਾਲ ਸੂਬਾ ਸਰਕਾਰ 118 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ 'ਸਕੂਲਜ਼ ਆਫ਼ ਐਮੀਨੈਂਸ' ਬਣਾਉਣ ਲਈ ਵਚਨਬੱਧ ਹੈ, ਜੋ ਸਮਾਰਟ ਕਲਾਸਰੂਮਾਂ, ਆਧੁਨਿਕ ਲੈਬਾਂ ਅਤੇ ਖੇਡ ਮੈਦਾਨਾਂ ਨਾਲ ਲੈਸ ਹਨ। ਸੂਬਾ ਸਰਕਾਰ ਦੇ ਸਾਰੇ ਯਤਨਾਂ ਸਦਕਾ, ਸਰਕਾਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਕਲਾਸਾਂ ਵਿੱਚ ਦਾਖ਼ਲੇ ਵਿੱਚ ਲਗਪਗ 17 ਫੀਸਦੀ ਦਾ ਵਾਧਾ ਹੋਇਆ ਹੈ। ਅਧਿਆਪਕਾਂ ਦੀ ਮੁਹਾਰਤ ਨੂੰ ਤਰਾਸ਼ਣ ਲਈ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜਿਆ ਜਾ ਰਿਹਾ ਹੈ ਤਾਂ ਜੋ ਉਹ ਆਧੁਨਿਕ ਅਧਿਆਪਨ ਅਭਿਆਸਾਂ ਤੋਂ ਜਾਣੂੰ ਹੋ ਸਕਣ ਅਤੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਖੇਤਰ ਵਿੱਚ ਮੁਕਾਬਲਿਆਂ ਲਈ ਤਿਆਰ ਕਰ ਸਕਣ।

### ਆਮ ਆਦਮੀ ਕਲੀਨਿਕ

ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਨ ਲਈ ਸੂਬਾ ਸਰਕਾਰ ਨੇ ਪੰਜਾਬ ਭਰ ਵਿੱਚ 881 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ, ਜਿਸ ਨਾਲ ਸੂਬੇ ਦੇ ਸਿਹਤ ਸੰਭਾਲ ਖ਼ੇਤਰ ਵਿੱਚ ਕ੍ਰਾਂਤੀ ਆਈ ਹੈ। ਹੁਣ ਪੰਜਾਬ ਵਿੱਚ ਅਜਿਹੇ 200 ਕਲੀਨਿਕ ਹੋਰ ਖੋਲ੍ਹੇ ਜਾ ਰਹੇ ਹਨ ਕਿਉਂਕਿ ਸੂਬੇ ਵਿੱਚ ਰੋਜ਼ਾਨਾ ਲਗਪਗ 70,000 ਮਰੀਜ਼ ਇਨ੍ਹਾਂ ਕਲੀਨਿਕਾਂ ਦਾ ਲਾਭ ਲੈ ਰਹੇ ਹਨ ਅਤੇ ਇਨ੍ਹਾਂ ਕਲੀਨਿਕਾਂ ਵਿੱਚ ਰੋਜ਼ਾਨਾ ਆਉਣ ਵਾਲੇ 95 ਫੀਸਦੀ ਤੋਂ ਵੱਧ ਮਰੀਜ਼ ਆਪਣੀਆਂ ਬਿਮਾਰੀਆਂ ਤੋਂ ਠੀਕ ਹੋ ਜਾਂਦੇ ਹਨ। ਹੁਣ ਸੂਬਾ ਸਰਕਾਰ ਨੇ 881 ਆਮ ਆਦਮੀ ਕਲੀਨਿਕਾਂ ਲਈ ਵਟਸਐਪ ਚੈਟਬੋਟ ਸ਼ੁਰੂ ਕੀਤਾ ਹੈ, ਜਿਸ ਰਾਹੀਂ ਮਰੀਜ਼ ਵਟਸਐਪ ਉੱਤੇ ਸਿਹਤ ਸਬੰਧੀ ਪੂਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਡਾਕਟਰ ਦੇ ਨੁਸਖ਼ੇ ਦੀਆਂ ਸਲਿੱਪਾਂ ਵੀ ਚੈਟਬੋਟ ਰਾਹੀਂ ਮਿਲਣਗੀਆਂ। ਇਸ ਤਰ੍ਹਾਂ ਵੱਖ-ਵੱਖ ਟੈਸਟ ਰਿਪੋਰਟਾਂ ਵੀ ਵਟਸਐਪ ਉੱਤੇ ਸਾਂਝੀਆਂ ਕੀਤੀਆਂ ਜਾਣਗੀਆਂ ਅਤੇ ਮਰੀਜ਼ਾਂ ਨੂੰ ਡਾਕਟਰੀ ਜਾਂਚ ਦੀਆਂ ਤਰੀਕਾਂ ਬਾਰੇ ਵੀ ਵਟਸਐਪ ਉੱਤੇ ਹੀ ਪਤਾ ਲੱਗੇਗਾ।

### ਉਦਯੋਗਿਕ ਵਿਕਾਸ

ਪੰਜਾਬ ਸਰਕਾਰ ਸੂਬੇ ਵਿੱਚ ਨਿਵੇਸ਼ ਅਤੇ ਉਦਯੋਗਿਕ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ। ਆਪਣੀਆਂ ਗੰਭੀਰ ਕੋਸ਼ਿਸ਼ਾਂ ਨਾਲ ਮੇਰੀ ਸਰਕਾਰ ਨੇ 1.14 ਲੱਖ ਕਰੋੜ ਦੇ ਨਿਵੇਸ਼ ਪ੍ਰਸਤਾਵ ਪ੍ਰਾਪਤ ਕੀਤੇ ਹਨ, ਜਿਸ ਨਾਲ ਨੌਜਵਾਨਾਂ ਲਈ ਨੌਕਰੀਆਂ ਦੇ 4.5 ਲੱਖ ਮੌਕੇ ਪੈਦਾ ਹੋਣਗੇ। ਟਾਟਾ ਸਟੀਲ, ਸਨਾਤਨ ਟੈਕਸਟਾਈਲ ਅਤੇ ਹੋਰ ਪ੍ਰਮੁੱਖ ਕੰਪਨੀਆਂ ਸੂਬੇ ਵਿੱਚ ਨਿਵੇਸ਼ ਲਈ ਅੱਗੇ ਆ ਰਹੀਆਂ ਹਨ। ਸੂਬਾ ਸਰਕਾਰ ਨੇ ਉਦਯੋਗਿਕ ਪ੍ਰਾਜੈਕਟਾਂ ਨੂੰ ਰੈਗੂਲੇਟਰੀ ਪ੍ਰਵਾਨਗੀਆਂ ਨੂੰ ਤੇਜ਼ ਅਤੇ ਸੁਚਾਰੂ ਕਰਨ ਲਈ ਵਿਕਰੀ ਡੀਡਾਂ ਦੀ ਰਜਿਸਟਰੇਸ਼ਨ ਵਿੱਚ ਹਰੇ ਰੰਗ ਦੇ ਅਸ਼ਟਾਮ ਪੇਪਰ ਦੀ ਸ਼ੁਰੂਆਤ ਵੀ ਕੀਤੀ ਹੈ।

### ਮਾਲ ਵਿਭਾਗ ਵਿੱਚ ਸੁਧਾਰ

ਮਾਲ ਵਿਭਾਗ ਵਿੱਚ ਪਾਰਦਰਸ਼ਤਾ ਤੇ ਕਾਰਜ ਕੁਸ਼ਲਤਾ ਲਿਆਉਣ ਅਤੇ ਜਨਤਕ ਸੇਵਾਵਾਂ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਸੂਬਾ ਸਰਕਾਰ ਨੇ 'ਈਜ਼ੀ ਰਜਿਸਟਰੀ' ਅਤੇ 'ਈਜ਼ੀ ਜਮ੍ਹਾਂਬੰਦੀ ਪੋਰਟਲ' ਸ਼ੁਰੂ ਕੀਤਾ ਹੈ। ਇਨ੍ਹਾਂ ਕ੍ਰਾਂਤੀਕਾਰੀ ਕਦਮਾਂ ਨਾਲ ਸੂਬਾ ਸਰਕਾਰ ਦੀ ਇਮਾਨਦਾਰੀ, ਪਾਰਦਰਸ਼ੀ ਪਹੁੰਚ ਅਤੇ ਲੋਕ-ਪੱਖੀ ਮਾਨਸਿਕਤਾ ਝਲਕਦੀ ਹੈ। ਦੇਸ਼ ਦੇ ਕਿਸੇ ਹੋਰ ਸੂਬੇ ਨੇ ਅਜਿਹੇ ਮਾਲ ਸੁਧਾਰਾਂ ਵੱਲ ਧਿਆਨ ਨਹੀਂ ਦਿੱਤਾ, ਜਦੋਂ ਕਿ ਪੰਜਾਬ ਵਿੱਚ ਇਨ੍ਹਾਂ ਸੁਧਾਰਾਂ ਨਾਲ ਲੋਕਾਂ ਦੀ ਸਹੂਲਤ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ।

### ਬਾਜ਼ ਅੱਖ-ਐਂਟੀ ਡਰੋਨ ਸਿਸਟਮ

ਸਰਹੱਦ ਪਾਰ ਤੋਂ ਨਸ਼ਿਆਂ ਦੀ ਸਪਲਾਈ ਨੂੰ ਰੋਕਣ ਲਈ ਇਤਿਹਾਸਕ ਕਦਮ ਚੁੱਕਦਿਆਂ ਸਰਹੱਦੀ ਜ਼ਿਲ੍ਹਿਆਂ ਵਿੱਚ ਐਂਟੀ ਡਰੋਨ ਸਿਸਟਮ-ਬਾਜ਼ ਅੱਖ ਦੀ ਸ਼ੁਰੂਆਤ ਕੀਤੀ ਗਈ ਹੈ। ਕੌਮਾਂਤਰੀ ਸਰਹੱਦ ਤੇ ਇਹ ਸਿਸਟਮ ਤਾਇਨਾਤ ਕਰਨ ਵਾਲਾ ਪੰਜਾਬ, ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ। "ਨਸ਼ਿਆਂ ਵਿਰੁੱਧ ਜੰਗ" (ਯੁੱਧ ਨਸ਼ਿਆਂ ਵਿਰੁੱਧ) ਮੁਹਿੰਮ ਤਹਿਤ ਪੰਜਾਬ ਨੇ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਆਰ-ਪਾਰ ਦੀ ਜੰਗ ਛੇੜੀ ਹੋਈ ਹੈ। ਪਾਕਿਸਤਾਨ ਨਾਲ ਪੰਜਾਬ ਦੀ 553 ਕਿਲੋਮੀਟਰ ਸਰਹੱਦ ਲੱਗਦੀ ਹੈ, ਜਿਸ ਨੂੰ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਲਈ ਸਭ ਤੋਂ ਸੰਵੇਦਨਸੀਲ ਖੇਤਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਸਰਹੱਦਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਡਰੋਨ ਰਾਹੀਂ ਤਸਕਰੀ ਦੀਆਂ ਚੁਣੌਤੀਆਂ ਨਾਲ ਸਿੱਝਣ ਲਈ ਕੌਮਾਂਤਰੀ ਸਰਹੱਦ ਦੇ ਨਾਲ 9 ਐਂਟੀ ਡਰੋਨ ਯੂਨਿਟ ਤਾਇਨਾਤ ਕੀਤੇ ਗਏ ਹਨ। ਇਨ੍ਹਾਂ ਯੂਨਿਟਾਂ 'ਤੇ 51 ਕਰੋੜ 40 ਲੱਖ ਰੁਪਏ ਦੀ ਲਾਗਤ ਆਈ ਹੈ।

### ਭ੍ਰਿਸ਼ਟਾਚਾਰ ਪ੍ਰਤੀ ਕੋਈ ਲਿਹਾਜ਼ ਨਹੀਂ

ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਵਾਅਦੇ ਮੁਤਾਬਕ ਅਹੁਦਾ ਸੰਭਾਲਣ ਵੇਲੇ ਤੋਂ ਸੂਬੇ ਵਿੱਚ ਭ੍ਰਿਸ਼ਟਾਚਾਰ ਦੇ ਖ਼ਾਤਮੇ ਲਈ ਤੇਜ਼ੀ ਨਾਲ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਸੂਬਾ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ 9501200200 ਸ਼ੁਰੂ ਕੀਤੀ ਹੈ, ਜਿਸ 'ਤੇ ਕੋਈ ਵੀ ਵਿਅਕਤੀ ਭ੍ਰਿਸ਼ਟਾਚਾਰ ਬਾਰੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਪਾਰਦਰਸ਼ੀ ਸ਼ਾਸਨ ਯਕੀਨੀ ਬਣਾਉਣ ਲਈ ਮੇਰੀ ਸਰਕਾਰ ਨੇ ਭ੍ਰਿਸ਼ਟਾਚਾਰ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੈ ਅਤੇ ਵਿਜੀਲੈਂਸ ਬਿਊਰੋ, ਪੰਜਾਬ ਨੇ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜੇ ਗਏ ਗਜ਼ਟਿਡ ਅਧਿਕਾਰੀਆਂ, ਗੈਰ-ਗਜ਼ਟਿਡ ਅਧਿਕਾਰੀਆਂ ਅਤੇ ਪ੍ਰਾਈਵੇਟ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਹਨ।

### ਸੜਕ ਸੁਰੱਖਿਆ ਫੋਰਸ

ਸੂਬਾ ਸਰਕਾਰ ਨੇ ਸਮਰਪਿਤ ਸੜਕ ਸੁਰੱਖਿਆ ਫੋਰਸ ਦੇ ਰੂਪ ਵਿੱਚ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਪਹਿਲਕਦਮੀ ਸ਼ੁਰੂ ਕੀਤੀ ਹੈ, ਜੋ ਸੂਬਾਈ ਅਤੇ ਕੌਮੀ ਰਾਜਮਾਰਗਾਂ ਉੱਤੇ ਸੁਰੱਖਿਆ ਯਕੀਨੀ ਬਣਾਉਣ ਅਤੇ ਕੀਮਤੀ ਜਾਨਾਂ ਬਚਾਉਣ ਲਈ ਬਣਾਈ ਗਈ ਹੈ। ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਨਵੇਂ ਭਰਤੀ ਕੀਤੇ ਗਏ 1597 ਕਰਮਚਾਰੀ ਇਸ ਫੋਰਸ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ 144 ਵਾਹਨ ਪ੍ਰਦਾਨ ਕੀਤੇ ਗਏ ਹਨ ਅਤੇ ਆਪਣੀ ਸ਼ੁਰੂਆਤ ਤੋਂ ਬਾਅਦ ਇਸ ਫੋਰਸ ਨੇ ਸੜਕ ਹਾਦਸਿਆਂ ਵਿੱਚ 25 ਫੀਸਦੀ ਜਾਨਾਂ ਬਚਾਈਆਂ ਹਨ ਅਤੇ ਸੜਕ ਹਾਦਸਿਆਂ ਦੌਰਾਨ ਜ਼ਖ਼ਮੀ ਹੋਏ ਲੋਕਾਂ ਦੇ ਕੀਮਤੀ ਸਾਮਾਨ ਅਤੇ ਪੈਸੇ ਵਾਪਸ ਕੀਤੇ ਹਨ। ਇਸ ਫੋਰਸ ਨੂੰ 4200 ਕਿਲੋਮੀਟਰ ਹਾਈਵੇਅ 'ਤੇ ਸੜਕ ਹਾਦਸਿਆਂ ਲਈ ਸੰਵੇਦਨਸ਼ੀਲ ਥਾਵਾਂ ਉੱਤੇ ਤਾਇਨਾਤ ਕੀਤਾ ਗਿਆ ਹੈ। ਇਹ ਫੋਰਸ ਨਿਰਧਾਰਤ ਖੇਤਰਾਂ ਵਿੱਚ ਗਸ਼ਤ ਕਰਨ ਤੋਂ ਇਲਾਵਾ ਟ੍ਰੈਫਿਕ ਉਲੰਘਣਾਵਾਂ ਤੇ ਹੋਰ ਗਲਤੀਆਂ ਦੀ ਰੋਕਥਾਮ ਲਈ ਵੀ ਕੰਮ ਕਰਦੀ ਹੈ।

ਅੰਤ ਵਿੱਚ ਮੈਂ ਸਾਰੇ ਪੰਜਾਬੀਆਂ ਨੂੰ ਸੱਦਾ ਦਿੰਦਾ ਹਾਂ ਕਿ ਉਹ ਪੰਜਾਬ ਨੂੰ ਇਕ ਵਾਰ ਫਿਰ ਖ਼ੁਸ਼ਹਾਲ ਅਤੇ ਦੇਸ਼ ਦਾ ਮੋਹਰੀ ਸੂਬਾ ਬਣਾਉਣ ਦੇ ਸਫ਼ਰ ਵਿੱਚ ਸਰਗਰਮ ਭੂਮਿਕਾ ਨਿਭਾਉਣ।

-- ਜੈ ਹਿੰਦ --

# ਤੇਜ਼ੀ ਨਾਲ ਪਲਾਸਟਿਕ ਪ੍ਰਦੂਸ਼ਣ ਦਾ ਬਣ ਰਿਹਾ ਸਰੋਤ

**ਆਪਣੀ ਜ਼ਿੰਦਗੀ ਵਿਚ ਅਕਸਰ ਅਸੀਂ ਦੇਖਦੇ ਹਾਂ ਕਿ ਜੋ ਸਮਾਨ ਅਸੀਂ ਬਾਹਰੋਂ ਲੈ ਕੇ ਆਉਂਦੇ ਹਾਂ, ਉਹ ਪਲਾਸਟਿਕ ਵਿਚ ਪੈਕ ਹੋਇਆ ਹੁੰਦਾ ਹੈ। ਚਾਹੇ ਉਹ ਪਨੀਰ, ਦੁੱਧ, ਦਹੀਂ ਜਾਂ ਕੋਈ ਹੋਰ ਖਾਣ ਪੀਣ ਵਾਲੀ ਵਸਤੂ ਹੋਵੇ। ਵਿਆਹ-ਸ਼ਾਦੀਆਂ ਵਿਚ ਤਾਂ ਪਲਾਸਟਿਕ ਦਾ ਪੂਰਾ ਫ਼ਾਇਦਾ ਲਿਆ ਜਾਂਦਾ ਹੈ। ਕਿੰਨੇ ਕੁ ਤਰ੍ਹਾਂ ਦੇ ਠੰਢੇ ਦੀਆਂ ਬੋਤਲਾਂ ਆਮ ਰੁੜਦੀਆਂ ਦੇਖੀਆਂ ਜਾਂਦੀਆਂ ਹਨ। ਪਲਾਸਟਿਕ ਗਲਾਸ, ਕੌਲੀਆਂ, ਚਮਚੇ, ਪਲੇਟਾਂ, ਪਾਣੀ ਦੀਆਂ ਬੋਤਲਾਂ ਆਦਿ ਅਸੀਂ ਧਾਰਮਿਕ ਸਮਾਗਮਾਂ ਜਾਂ ਵਿਆਹਾਂ 'ਚ ਦੇਖਦੇ ਹਾਂ। ਲੋਕਾਂ ਨੂੰ ਹੁੰਦਾ ਹੈ ਕਿ ਭਾਂਡੇ ਮਾਂਜਣ ਵਾਲੇ ਨੂੰ ਵੀ ਪੈਸੇ ਦੇਣੇ ਹੀ ਹਨ ਕਿਉਂ ਨਾ ਪਲਾਸਟਿਕ ਦਾ ਸਾਮਾਨ ਹੀ ਵਰਤ ਲਿਆ ਜਾਵੇ। ਇਨ੍ਹਾਂ ਚੀਜ਼ਾਂ ਦੀ ਵਰਤੋਂ ਤੋਂ ਬਾਅਦ ਕਿਸੇ ਖੁੱਲ੍ਹੀ ਥਾਂ 'ਤੇ ਇਨ੍ਹਾਂ ਦੇ ਢੇਰ ਲਗਾ ਦਿਤੇ ਜਾਂਦੇ ਹਨ। ਜਾਂ ਜੋ ਗਾਰਬੇਜ, ਕੂੜਾ ਵਾਲੇ ਵੱਡੇ-ਵੱਡੇ ਡਰੰਮ ਹੁੰਦੇ ਹਨ, ਉਨ੍ਹਾਂ ਦੇ ਨੇੜੇ-ਤੇੜੇ ਸੁੱਟ ਦਿੱਤਾ ਜਾਂਦਾ ਹੈ। ਕਈ ਵਾਰ ਤਾਂ ਇਸ ਨੂੰ ਅੱਗ ਵੀ ਲਗਾ ਦਿੱਤੀ ਜਾਂਦੀ ਹੈ ਪਰ ਇਹ ਸੜਦਾ ਹੀ ਨਹੀਂ ਹੈ। ਸਗੋਂ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦਾ ਹੈ।**

ਕੁੱਝ ਕੁ ਵਰ੍ਹੇ ਪਹਿਲਾਂ ਭਾਰਤ ਵਿਚ ਕੇਂਦਰ ਵਲੋਂ ਸਿੰਗਲ ਯੂਜ਼ ਪਲਾਸਟਿਕ 'ਤੇ ਪਾਬੰਦੀ ਲਗਾ ਦਿਤੀ ਗਈ ਸੀ। ਸਰਦਾਰ ਨੇ ਪੂਰੇ ਦੇਸ਼ 'ਚ 15 ਤਰ੍ਹਾਂ ਦੇ



ਪਲਾਸਟਿਕ 'ਤੇ ਪਾਬੰਦੀ ਲਗਾ ਕੇ ਬਹੁਤ ਸ਼ਲਾਘਾਯੋਗ ਪਹਿਲ ਕੀਤੀ ਸੀ। 15 ਅਗੱਸਤ 2019 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਪਲਾਸਟਿਕ ਤੇ ਪਾਬੰਦੀ ਦਾ ਜ਼ਿਕਰ ਵੀ ਕੀਤਾ ਸੀ। ਹਾਲ ਹੀ 'ਚ ''ਦਿ ਲੈਂਸੇਟ'' ਮੈਗਜ਼ੀਨ 'ਚ ਪ੍ਰਕਾਸ਼ਤ ਇਕ ਖੋਜ ਵਿਚ ਕਿਹਾ ਗਿਆ ਹੈ ਕਿ ਪਲਾਸਟਿਕ ਪ੍ਰਦੂਸ਼ਣ ਮਨੁੱਖ ਤੇ ਧਰਤੀ ਦੋਵਾਂ ਲਈ ਬਹੁਤ ਘਾਤਕ ਸਿੱਧ ਹੋਇਆ ਹੈ। ਚਾਹੇ ਸਬਜ਼ੀ ਲੈਣ ਜਾਣਾ ਹੋਵੇ, ਬਾਹਰ ਕੁੱਝ ਖਾਣਾ ਹੋਵੇ, ਕੋਲਡ ਡਰਿੰਕ ਪੀਣਾ ਹੋਵੇ, ਚਾਹ, ਕੌਫੀ ਪੀਣੀ ਹੋਵੇ, ਸਭ ਥਾਂ ਪਲਾਸਟਿਕ ਆਪਣੀ ਥਾਂ ਬਣਾ ਗਿਆ ਹੈ। ਸ਼ਹਿਰਾਂ 'ਚ ਇੰਸਪੈਕਟਰਾਂ ਵਲੋਂ ਚਲਾਨ ਵੀ ਕੱਟੇ ਜਾ ਰਹੇ ਹਨ। ਭਾਰੀ ਜੁਰਮਾਨਾ ਤੇ 5 ਸਾਲ ਦੀ ਸਜ਼ਾ ਵੀ ਹੋ ਸਕਦੀ ਹੈ। ਹਾਲਾਂਕਿ ਕਈ ਦੁਕਾਨਦਾਰਾਂ ਨੇ ਕਿਹਾ ਵੀ ਹੈ ਕਿ ਜੋ ਘਰ ਤੋਂ ਆਪਣਾ ਥੈਲਾ ਲੈ ਕੇ ਆਉਣਗੇ, ਉਨ੍ਹਾਂ ਨੂੰ ਛੋਟ ਵੀ ਦਿਤੀ ਜਾਵੇਗੀ। ਇਹ ਵੀ ਬਹੁਤ ਵਧੀਆ ਪਹਿਲ ਹੈ। ਅਕਸਰ ਜਦੋਂ ਵੀ ਪਲਾਸਟਿਕ 'ਤੇ ਪਾਬੰਦੀ ਦੀ ਗੱਲ ਹੁੰਦੀ ਸੀ ਤਾਂ ਵੱਡੇ-ਵੱਡੇ ਕਾਰੋਬਾਰੀ ਤੇ ਉਦਯੋਗਪਤੀ ਸਰਕਾਰ ਖ਼ਿਲਾਫ਼ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਸੀ।

ਸੰਜੀਵ ਸਿੰਘ ਸੈਣੀ
ਮੋਬਾਇਲ : 78889-66168

ਆਪਣੀ ਜ਼ਿੰਦਗੀ ਵਿਚ ਅਕਸਰ ਅਸੀਂ ਦੇਖਦੇ ਹਾਂ ਕਿ ਜੋ ਸਮਾਨ ਅਸੀਂ ਬਾਹਰ ਤੋਂ ਲੈ ਕੇ ਆਉਂਦੇ ਹਾਂ, ਉਹ ਪਲਾਸਟਿਕ ਵਿਚ ਪੈਕ ਹੋਇਆ ਹੁੰਦਾ ਹੈ। ਚਾਹੇ ਉਹ ਪਨੀਰ, ਦੁੱਧ, ਦਹੀਂ ਜਾਂ ਕੋਈ ਵੀ ਹੋਰ ਖਾਣ ਪੀਣ ਵਾਲੀ ਵਸਤੂ ਹੋਵੇ। ਵਿਆਹ-ਸ਼ਾਦੀਆਂ ਵਿਚ ਤਾਂ ਪਲਾਸਟਿਕ ਦਾ ਪੂਰਾ ਫ਼ਾਇਦਾ ਲਿਆ ਜਾਂਦਾ ਹੈ। ਕਿੰਨੇ ਕੁ ਤਰ੍ਹਾਂ ਦੇ ਠੰਢੇ ਦੀਆਂ ਬੋਤਲਾਂ ਆਮ ਰੁੜ੍ਹਦੀਆਂ ਦੇਖੀਆਂ ਜਾਂਦੀਆਂ ਹਨ। ਪਲਾਸਟਿਕ ਗਲਾਸ, ਕੌਲੀਆਂ, ਚਮਚੇ, ਪਲੇਟਾਂ, ਪਾਣੀ ਦੀਆਂ ਬੋਤਲਾਂ ਆਦਿ ਅਸੀਂ ਧਾਰਮਕ ਸਮਾਗਮਾਂ ਜਾਂ ਵਿਆਹਾਂ 'ਚ ਦੇਖਦੇ ਹਾਂ। ਲੋਕਾਂ ਨੂੰ ਹੁੰਦਾ ਹੈ ਕਿ ਭਾਂਡੇ ਮਾਂਜਣ ਵਾਲੇ ਨੂੰ ਵੀ ਪੈਸੇ ਦੇਣੇ ਹੀ ਹਨ ਕਿਉਂ ਨਾ ਪਲਾਸਟਿਕ ਦਾ ਸਾਮਾਨ ਹੀ ਵਰਤ ਲਿਆ ਜਾਵੇ। ਇਨ੍ਹਾਂ ਚੀਜ਼ਾਂ ਦੀ ਵਰਤੋਂ ਤੋਂ ਬਾਅਦ ਕਿਸੇ ਖੁੱਲ੍ਹੀ ਥਾਂ 'ਤੇ ਇਨ੍ਹਾਂ ਦੇ ਢੇਰ ਲਗਾ ਦਿਤੇ ਜਾਂਦੇ ਹਨ। ਜਾਂ ਜੋ ਗਾਰਬੇਜ, ਕੂੜਾ ਵਾਲੇ ਵੱਡੇ-ਵੱਡੇ ਡਰੰਮ ਹੁੰਦੇ ਹਨ, ਉਨ੍ਹਾਂ ਦੇ ਨੇੜੇ-ਤੇੜੇ ਸੁੱਟ ਦਿਤਾ ਜਾਂਦਾ ਹੈ। ਕਈ ਵਾਰ ਤਾਂ ਇਸ ਨੂੰ ਅੱਗ ਵੀ ਲਗਾ ਦਿਤੀ ਜਾਂਦੀ ਹੈ ਪਰ ਇਹ ਸੜਦਾ ਵੀ ਨਹੀਂ ਹੈ। ਸਗੋਂ ਵਾਤਾਵਰਣ ਨੂੰ ਪ੍ਰਦੂਸ਼ਤ ਕਰਦਾ ਹੈ। ਹਵਾ 'ਚ ਪੈਦਾ ਹੋਣ ਵਾਲੇ ਪਦਾਰਥਾਂ ਵਿਚ ਪਾਰਟੀਕੁਲੇਟ ਮੈਟਰ, ਸਲਫਰ ਡਾਈਆਕਸਾਈਡ ਗੈਸਾਂ ਸ਼ਾਮਲ ਹਨ। ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਮਾਈਕ੍ਰੋਪਲਾਸਟਿਕ ਮਨੁੱਖੀ ਟਿਸ਼ੂਜ਼ ਤੇ ਸਰੀਰ ਦੇ ਤਰਲ ਪਦਾਰਥਾਂ 'ਚ ਪਾਏ ਗਏ ਹਨ। ਕਈ ਵਾਰ ਤਾਂ ਕੂੜਾ ਚੁੱਕਣ ਵਾਲੇ ਇਹ ਪਲਾਸਟਿਕ ਵਾਲਾ ਕਚਰਾ ਨਦੀਆਂ-ਨਾਲਿਆਂ ਦੇ ਨੇੜੇ-ਤੇੜੇ ਸੁੱਟ ਦਿੰਦੇ ਹਨ। ਇਨ੍ਹਾਂ ਕੂੜੇ ਦੇ ਢੇਰਾਂ 'ਤੇ ਅਵਾਰਾ ਪਸ਼ੂ ਮੂੰਹ ਮਾਰਦੇ ਰਹਿੰਦੇ ਹਨ। ਜੋ ਇਨ੍ਹਾਂ ਲਈ ਬਹੁਤ ਹੀ ਘਾਤਕ ਸਿੱਧ ਹੁੰਦਾ ਹੈ।

ਅਸੀਂ ਦੇਖਦੇ ਹਾਂ ਕਿ ਕਈ ਥਾਵਾਂ 'ਤੇ ਪਲਾਸਟਿਕ ਕਚਰਾ ਆਮ ਸੁੱਟਿਆ ਹੋਇਆ ਦਿਸਦਾ ਹੈ। ਕੂੜੇ ਦੇ ਢੇਰ ਵਾਤਾਵਰਣ ਨੂੰ ਦੂਸ਼ਿਤ ਕਰਦੇ ਹਨ।



ਅਕਸਰ ਅਸੀਂ ਦੇਖਦੇ ਹਾਂ ਕਿ ਦਰਿਆਵਾਂ, ਨਦੀਆਂ ਦੇ ਕੰਢੇ ਕੂੜੇ ਨਾਲ ਭਰੇ ਪਲਾਸਟਿਕ ਲਿਫ਼ਾਫ਼ੇ ਪਏ ਹੁੰਦੇ ਹਨ। ਕਿਉਂਕਿ ਪਲਾਸਟਿਕ ਗਲਦਾ ਨਹੀਂ ਹੈ। ਪਲਾਸਟਿਕ ਦੇ ਪੁਨਰ-ਨਿਰਮਾਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਜਿੱਥੇ ਪਲਾਸਟਿਕ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋ ਰਹੀ ਹੈ, ਉਥੇ ਵਾਤਾਵਰਣ ਲਈ ਵੀ ਖ਼ਤਰੇ ਦੀ ਘੰਟੀ ਹੈ। ਪਲਾਸਟਿਕ ਨੂੰ ਜਲਾਉਣ ਨਾਲ ਜ਼ਹਿਰੀਲਾ ਧੂੰਆਂ ਵਾਤਾਵਰਣ ਨੂੰ ਪ੍ਰਦੂਸ਼ਤ ਕਰਦਾ ਹੈ। ਮਨੁੱਖੀ ਸਿਹਤ ਲਈ ਬਹੁਤ ਹਾਨੀਕਾਰਕ ਹਨ। ਮਾਹਰ ਦਸਦੇ ਹਨ ਕਿ ਕਈ ਅਜਿਹੇ ਤੱਤ ਪਲਾਸਟਿਕ ਵਾਲੇ ਸਰੀਰ ਵਿਚ ਚਲੇ ਜਾਂਦੇ ਨੇ।

ਜਦੋਂ ਵੀ ਅਸੀਂ ਬਾਜ਼ਾਰ ਵਿਚ ਸਾਮਾਨ ਲੈਣ ਜਾਂਦੇ ਹਾਂ ਤਾਂ ਸਾਨੂੰ ਘਰ ਤੋਂ ਹੀ ਕਪੜੇ ਜਾਂ ਜੂਟ ਦੇ ਥੈਲੇ ਲੈ ਕੇ ਜਾਣਾ ਚਾਹੀਦਾ ਹੈ। ਆਪਣੇ ਆਸ-ਪਾਸ ਤੇ ਹੋਰ ਦੋਸਤਾਂ ਮਿੱਤਰਾਂ ਨੂੰ ਵੀ ਇਸ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ।

ਅੱਜਕਲ ਹਰ ਚੀਜ਼ ਜਿਵੇਂ ਪਨੀਰ, ਦੁੱਧ, ਦਹੀਂ, ਮੱਖਣ, ਲੱਸੀ ਤੇ ਹੋਰ ਖਾਣ-ਪੀਣ ਵਾਲੀ ਵਸਤੂ ਪਲਾਸਟਿਕ ਵਿਚ ਪੈਕ ਹੋ ਕੇ ਆ ਰਹੀ ਹੈ। ਹੋਰ ਤਾਂ ਹੋਰ ਜਦੋਂ ਧਾਰਮਕ ਸਮਾਗਮਾਂ ਜਾਂ ਵਿਆਹਾਂ ਵਿਚ ਲੰਗਰ ਹੁੰਦਾ ਹੈ ਤਾਂ ਲੋਕ ਪਲਾਸਟਿਕ ਦੇ ਲਿਫ਼ਾਫ਼ਿਆਂ ਵਿਚ ਗਰਮ ਗਰਮ ਸਬਜ਼ੀ ਪੁਆ ਕੇ ਆਪਣੇ ਘਰ ਲੈ ਕੇ ਆਉਂਦੇ ਹਨ। ਗਰਮ ਸਬਜ਼ੀ ਪਲਾਸਟਿਕ ਦੇ ਲਿਫ਼ਾਫ਼ਿਆਂ 'ਚ ਬਹੁਤ ਖ਼ਤਰਨਾਕ ਹੁੰਦੀ ਹੈ। ਸੋ ਸਾਨੂੰ ਸਿੰਗਲ ਯੂਜ਼ ਪਲਾਸਟਿਕ ਦੀ ਬਿਲਕੁਲ ਵੀ ਵਰਤੋਂ ਨਹੀਂ ਕਰਨੀ ਹੈ। ਸਰਕਾਰ ਦਾ ਸਹਿਯੋਗ ਕਰਨ ਲਈ ਸਾਨੂੰ ਸਾਰਿਆਂ ਨੂੰ ਹੀ ਅੱਗੇ ਆਉਣਾ ਪਵੇਗਾ। ਜੇ ਸਰਕਾਰ ਨੇ ਪਲਾਸਟਿਕ ਤੇ ਬੈਨ ਲਗਾਇਆ ਹੈ ਤਾਂ ਸਾਡੀ ਵੀ ਅਹਿਮ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸੀਂ ਪਲਾਸਟਿਕ ਦੀ ਵਰਤੋਂ ਨਾ ਕਰੀਏ। ਦ੍ਰਿੜ ਇੱਛਾ ਸ਼ਕਤੀ ਨਾਲ ਹੀ ਕੋਈ ਟੀਚਾ ਹਾਸਲ ਕੀਤਾ ਜਾ ਸਕਦਾ ਹੈ। ਆਉ ਆਪਾਂ ਸਾਰੇ ਹੀ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਵਿਚ ਆਪਣਾ ਯੋਗਦਾਨ ਪਾਈਏ।

------- ਬਾਕੀ ਸਫਾ 3 ਦੀ -------

## ਸਾਉਣੀ ਰੁੱਤ ਦੀ ਮੱਕੀ ਦੀਆਂ ਬੀਮਾਰੀਆਂ ਤੋਂ ਰੋਕਥਾਮ

ਹੈ। ਹਮਲੇ ਦੀ ਮਾਰ ਹੇਠ ਆਏ ਪੌਦੇ ਮੁਰਝਾਅ ਜਾਂਦੇ ਹਨ। ਇਸ ਬੀਮਾਰੀ ਤੋਂ ਬਚਾਅ ਲਈ ਖੇਤ ਵਿਚ ਪਾਣੀ ਦਾ ਨਿਕਾਸ ਠੀਕ ਰੱਖੋ।

**ਪੱਤਾ ਝੁਲਸ ਰੋਗ :** ਇਸ ਬੀਮਾਰੀ ਨਾਲ ਪੱਤਿਆਂ 'ਤੇ ਤੱਕਲਿਆਂ ਵਰਗੇ ਧੱਬੇ ਪੈ ਜਾਂਦੇ ਹਨ ਤੇ ਧੱਬਿਆਂ ਦੁਆਲੇ ਪੀਲੇ ਤੇ ਭੂਰੇ ਰੰਗ ਦੇ ਘੇਰੇ ਬਣ ਜਾਂਦੇ ਹਨ। ਇਹ ਘੇਰੇ ਵੱਡੇ ਹੋ ਕੇ ਇਕ-ਦੂਜੇ ਨਾਲ ਮਿਲ ਕੇ ਬੇਢੱਬੀ ਜਿਹੀ ਸ਼ਕਲ ਬਣਾ ਲੈਂਦੇ ਹਨ। ਇਹ ਨਿਸ਼ਾਨੀਆਂ ਪੱਤੇ ਅਤੇ ਛੱਲੀਆਂ ਦੇ ਪਰਦਿਆਂ ਤੇ ਵੀ ਪੈ ਜਾਂਦੀਆਂ ਹਨ। ਪਛੇਤੀ ਬਿਜਾਈ, ਵਾਤਾਵਰਨ ਵਿਚ ਜ਼ਿਆਦਾ ਨਮੀਂ (80% ਤੋਂ ਜ਼ਿਆਦਾ) ਅਤੇ 252 ਸੈਂਟੀਗ੍ਰੇਡ ਤਾਪਮਾਨ ਬੀਮਾਰੀ ਦੇ ਵਾਧੇ ਲਈ ਅਨੁਕੂਲ ਹਨ।

**ਬੰਦ ਤਣੇ ਅਤੇ ਟਾਂਡੇ ਦੁਆਲੇ ਪੱਤੇ ਦਾ ਝੁਲਸ ਰੋਗ :** ਇਸ ਬੀਮਾਰੀ ਨਾਲ ਪੱਤੇ, ਤਣੇ ਦੁਆਲੇ ਪੱਤੇ, ਟਾਂਡੇ ਅਤੇ ਛੱਲੀਆਂ ਦੁਆਲੇ ਪੱਤਿਆਂ ਉੱਤੇ ਫਿੱਕੇ ਅਤੇ ਗੂੜ੍ਹੇ ਸਲੇਟੀ ਰੰਗ ਦੇ ਧੱਬੇ ਪੈ ਜਾਂਦੇ ਹਨ। ਬਾਅਦ ਵਿੱਚ ਇਹ ਧੱਬੇ ਇਕ-ਦੂਜੇ ਨਾਲ ਮਿਲ ਕੇ ਕੌਡੀਆਂ ਵਰਗੇ ਨਜ਼ਰ ਆਉਂਦੇ ਹਨ। ਅਖੀਰ ਵਿੱਚ ਕਾਲੇ ਰੰਗ ਦੇ ਜੀਵਾਣੂੰ (ਸਕਲੇਰੋਸ਼ੀਆ) ਵੀ ਛੱਲੀਆਂ ਅਤੇ ਦਾਣਿਆਂ ਤੇ ਦਿਖਾਈ ਦਿੰਦੇ ਹਨ। ਗੰਭੀਰ ਹਾਲਤਾਂ ਵਿੱਚ ਹਮਲੇ ਹੇਠ ਆਈਆਂ ਛੱਲੀਆਂ ਦੇ ਦਾਣੇ ਸੁੱਕ ਜਾਂਦੇ ਹਨ।

### ਮੱਕੀ ਵਿਚ ਬੀਮਾਰੀਆਂ ਦਾ ਪ੍ਰਬੰਧ :

**ਕਾਸ਼ਤਕਾਰੀ ਉਪਰਾਲੇ :** ਮੱਕੀ ਵਿਚ ਬੀਮਾਰੀਆਂ ਤੋਂ ਬਚਣ ਲਈ ਹਮੇਸ਼ਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸਿਫਾਰਸ਼ ਕੀਤੀਆਂ ਕਿਸਮਾਂ ਦਾ ਸਿਹਤਮੰਦ ਬੀਜ ਬੀਜੋ।

ਮੱਕੀ ਦੀ ਬਿਜਾਈ ਸਿਫਾਰਿਸ਼ ਸਮੇਂ 'ਤੇ ਕਰੋ।

ਬਿਮਾਰੀ ਦੇ ਵਾਧੇ ਅਤੇ ਫਲਾਅ ਦੀ ਸੰਭਾਵਨਾ ਨੂੰ ਘਟਾਉਣ ਲਈ ਬੀਮਾਰੀ ਨਾਲ ਬੂਟਿਆਂ ਦੀ ਰਹਿੰਦ-ਖੂੰਹਦ ਨੂੰ ਨਸ਼ਟ ਕਰੋ।

ਖੇਤ ਦਾ ਲਗਾਤਾਰ ਸਰਵੇਖਣ ਕਰਨ ਦੀ ਲੋੜ ਹੈ।

ਖੇਤ ਵਿੱਚ ਪਾਣੀ ਦੇ ਨਿਕਾਸ ਦਾ ਚੰਗਾ ਪ੍ਰਬੰਧ ਹੋਣਾ ਚਾਹੀਦਾ ਹੈ। ਰੋਗੀ, ਸੁੱਕੇ ਅਤੇ ਗਲੇ ਹੋਏ ਬੀਮਾਰੀ ਵਾਲੇ ਦਾਣੇ ਮਸ਼ੀਨੀ ਛਾਨਣੀ ਨਾਲ ਅਲੱਗ ਕਰ ਕੇ ਬੀਮਾਰੀ ਰਹਿਤ ਬੀਜ ਬੜੀ ਆਸਾਨੀ ਨਾਲ ਲੈ ਸਕਦੇ ਹਾਂ।

ਮੱਕੀ ਦੇ ਖੇਤਾਂ ਵਿੱਚੋਂ ਤੱਕੜੀ ਘਾਹ ਨੂੰ ਖ਼ਤਮ ਕਰੋ।

## ਬਰਸਾਤ ਰੁੱਤ ਵਿੱਚ ਪੀ.ਏ.ਯੂ. ਪਾਣੀ ਪਰਖ ਕਿੱਟ ਨਾਲ ਪਾਣੀ ਦੀ ਸ਼ੁੱਧਤਾ ਦੀ ਜਾਂਚ ਕਰੋ

ਗਰਮੀ ਦੇ ਮੌਸਮ ਵਿੱਚ ਘਰੇਲੂ ਪਾਣੀ ਦੀ ਵਰਤੋਂ ਵੱਧ ਜਾਂਦੀ ਹੈ। ਇਸ ਲਈ, ਪੀਣ ਦੇ ਪਾਣੀ ਦੀ ਨਿਯਮਿਤ ਜਾਂਚ ਬਹੁਤ ਮਹੱਤਵਪੂਰਣ ਹੈ। ਪਾਣੀ ਦੀ ਗੁਣਵੱਤਾ ਦੀ ਜਾਂਚ ਇਹ ਯਕੀਨੀ ਬਣਾਉਂਦੀ ਹੈ ਕਿ ਪਾਣੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਿਆਰਾਂ ਦੇ ਮੁਤਾਬਕ ਪੀਣ ਲਈ ਸੁਰੱਖਿਅਤ ਹੈ ਜਾਂ ਨਹੀਂ।

ਭਾਰਤੀ ਮਿਆਰ ਬਿਊਰੋ (BIS) ਪਾਣੀ ਦੀ ਪੀਣਯੋਗਤਾ ਲਈ BIS (2012) ਦੁਆਰਾ ਨਿਰਧਾਰਤ ਹੇਠਾਂ ਦਿੱਤੇ ਮਹੱਤਵਪੂਰਣ ਪੈਮਾਨੇ ਅਤੇ ਉਨ੍ਹਾਂ ਦੀਆਂ ਹੱਦਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ :-



ਇਸ ਲਈ, ਪੀਣ ਦੇ ਪਾਣੀ ਦੇ ਸਰੋਤਾਂ ਦੀ ਨਿਗਰਾਨੀ ਸਹੀ ਤਰ੍ਹਾਂ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਵਿਸ਼ੇਸ਼ ਬਿਮਾਰੀਆਂ ਦੇ ਖਤਰੇ ਨੂੰ ਸਮਝਿਆ ਜਾ ਸਕੇ ਅਤੇ ਸਹੀ ਨਿਯੰਤਰਣ ਪ੍ਰਕਿਰਿਆਵਾਂ ਨੂੰ ਪਰਿਭਾਸ਼ਿਤ ਕੀਤਾ ਜਾ ਸਕੇ। ਪੀਣ ਵਾਲੇ ਪਾਣੀ ਵਿੱਚ ਤੱਤਾਂ ਦੀਆਂ ਵੱਖ-ਵੱਖ ਕਿਸਮਾਂ ਮੌਜੂਦ ਹਨ, ਜਿਨ੍ਹਾਂ ਵਿੱਚੋਂ ਕੁਝ ਮੈਟਾਬੋਲਿਜ਼ਮ ਵਿੱਚ ਭੂਮਿਕਾ ਨਿਭਾਉਂਦੇ ਹਨ। ਹੋਰ ਤੱਤ, ਜਿਵੇਂ ਕਿ ਫਲੋਰਾਈਡ, ਜੋ ਕਿ ਘੱਟ ਮਾਤਰਾ ਵਿੱਚ ਫਾਇਦੇਮੰਦ ਹੁੰਦੇ ਹਨ, ਪਰ ਉੱਚ ਪੱਧਰ 'ਤੇ ਮੌਜੂਦ ਹੋਣ 'ਤੇ ਦੰਦਾਂ ਦੀ ਸਮੱਸਿਆ ਅਤੇ ਹੋਰ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ।

ਪਾਣੀ ਦੁਆਰਾ ਫੈਲਣ ਵਾਲੀਆਂ ਬਿਮਾਰੀਆਂ (ਟਾਇਫਾਈਡ, ਪੈਰਾਟਾਈਫਾਈਡ, ਬੈਸਿਲਰੀ ਡਾਇਸੈਂਟਰੀ, ਦਸਤ ਅਤੇ ਕੋਲੈਰਾ) ਦੇ ਮਾਮਲੇ ਸਾਲ ਭਰ ਹੋ ਸਕਦੇ ਹਨ। ਪਰ ਮੀਂਹਾਂ ਅਤੇ ਮੀਂਹਾਂ ਦੇ ਬਾਅਦ ਦੇ ਸਮੇਂ (ਜੁਲਾਈ-ਸਤੰਬਰ) ਇਨ੍ਹਾਂ ਵਿੱਚ ਵਾਧਾ ਦੇਖਿਆ ਜਾਂਦਾ ਹੈ।

ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਪੀ. ਏ. ਯੂ. ਵੱਲੋਂ ਪੀਣ ਦੇ ਵਾਲੀ ਦੀ ਪਰਖ ਲਈ ਇੱਕ ਤਕਨੀਕ ਵਿਕਸਿਤ ਕੀਤੀ ਗਈ ਹੈ। ਪੀ. ਏ. ਯੂ. ਦਾ ਮਾਈਕ੍ਰੋਬਾਇਓਲੋਜੀ ਵਿਭਾਗ ਨਿਯਮਿਤ ਰੂਪ ਵਿੱਚ ਪੀਣ ਦੇ ਪਾਣੀ ਦੀ ਬੈਕਟੀਰੀਅਲ ਪਰਖ ਕਰ ਰਿਹਾ ਹੈ। ਪਾਣੀ ਦੇ ਨਮੂਨੇ ਪਰਖ ਲਈ ਵਿਭਾਗ (100 ਰੁਪਏ ਪ੍ਰਤੀ ਨਮੂਨਾ) ਭੇਜੇ ਜਾ ਸਕਦੇ ਹਨ ਅਤੇ ਪਾਣੀ ਦੀ ਰਿਪੋਰਟ 72 ਘੰਟੇ ਬਾਅਦ ਲਈ ਜਾ ਸਕਦੀ ਹੈ। ਇਸ ਤੋਂ ਇਲਾਵਾ ਘਰ ਵਿੱਚ ਪਾਣੀ ਦੀ ਗੁਣਵੱਤਾ ਪਰਖਣ ਲਈ ਪਾਣੀ ਪਰਖ ਦੀ ਕਿੱਟ ਮਾਈਕ੍ਰੋਬਾਇਓਲੋਜੀ ਵਿਭਾਗ ਤੋਂ 40 ਰੁਪਏ ਪ੍ਰਤੀ ਕਿੱਟ (ਇੱਕ ਕਿੱਟ ਪ੍ਰਤੀ ਨਮੂਨਾ) ਲਈ ਜਾ ਸਕਦੀ ਹੈ।

ਜੇਕਰ ਪਾਣੀ ਦੇ ਨਮੂਨੇ ਦਾ ਰੰਗ ਜਾਮਨੀ ਤੋਂ ਪੀਲੇ ਵਿੱਚ ਬਦਲਦਾ ਹੈ ਤਾਂ ਪਾਣੀ ਨੂੰ ਸੋਡੀਅਮ ਹਾਈਪੋਕਲੋਰਾਈਟ ਦੇ ਨਾਲ ਸੋਧਿਆ ਜਾ ਸਕਦਾ ਹੈ। 20 ਲੀਟਰ ਪਾਣੀ ਲਈ, 1.8 ਮਿਲੀਲੀਟਰ (5%) ਜਾਂ 1 ਮਿਲੀਲੀਟਰ (10%) ਸੋਡੀਅਮ ਹਾਈਪੋਕਲੋਰਾਈਟ ਘੋਲ ਵਰਤਿਆ ਜਾ ਸਕਦਾ ਹੈ। ਸੋਧਿਆ ਗਿਆ ਪਾਣੀ ਅੱਧੇ ਘੰਟੇ ਬਾਅਦ ਪੀਣ ਯੋਗ ਹੋਵੇਗਾ।

**ਪ੍ਰਿਆ ਕਟਿਆਲ ਅਤੇ ਕੇਸ਼ਾਨੀ, ਮਾਈਕ੍ਰੋਬਾਇਓਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 99911-17787)**

---- ਬਾਕੀ ਸਫਾ 5 ਦੀ ----

# ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਮੁੜ ਬਣੀ ਦੇਸ਼ ਦੀ ਸਭ ਤੋਂ ਵਧੀਆ ਯੂਨੀਵਰਸਿਟੀ

ਦੀ ਮੁੱਖ ਮੰਗ ਪ੍ਰਮੋਸ਼ਨ ਪਾਲਿਸੀ ਮੰਨੀ ਗਈ । ਇਸ ਨਾਲ ਵਿਗਿਆਨੀਆਂ ਵਿੱਚ ਨਵਾਂ ਉਤਸ਼ਾਹ ਭਰਿਆ ਗਿਆ ਕਿਉਂਕਿ ਨਿਯਮਾਂ ਅਨੁਸਾਰ ਉਨ੍ਹਾਂ ਦੀ ਤਰੱਕੀ ਨਿਸ਼ਚਤ ਹੋ ਗਈ । ਪਹਿਲਾਂ ਤਰੱਕੀ ਉਦੋਂ ਹੀ ਹੁੰਦੀ ਸੀ ਜਦੋਂ ਕੋਈ ਉਨ੍ਹਾਂ ਤੋਂ ਉੱਚ ਅਧਿਕਾਰੀ ਸੇਵਾ ਮੁਕਤ ਹੁੰਦਾ ਸੀ । ਉਦੋਂ ਵੀ ਵਾਰੀ ਇਕ ਦੀ ਹੀ ਆਉਂਦੀ ਸੀ । ਜਦੋਂ ਭਵਿੱਖ ਵਿੱਚ ਕੋਈ ਤਰੱਕੀ ਨਜ਼ਰ ਨਾ ਆਵੇ ਤਾਂ ਕੰਮਕਾਜ ਉਤਸ਼ਾਹ ਵਿੱਚ ਢਿੱਲ ਆ ਹੀ ਜਾਂਦੀ ਹੈ । ਇਸੇ ਕਰਕੇ 14 ਚਰਚਾ ਅਧੀਨ ਮੁਖੀਆਂ ਵਿੱਚ ਪੂਰੀ ਦਾ ਨਾਮ ਸ਼ਾਮਿਲ ਕੀਤਾ ਗਿਆ ਹੈ । ਪੂਰੀ ਜਿੱਥੇ ਉੱਚ ਕੋਟੀ ਦੇ ਪ੍ਰਬੰਧਕ ਸਨ ਉਥੇ ਵਧੀਆ ਬੁਲਾਰੇ ਵੀ ਸਨ ।

ਯੂਨੀਵਰਸਿਟੀ ਦੇ ਛੇਵੇਂ ਥੰਮ ਡਾ. ਸੁਖਦੇਵ ਸਿੰਘ ਨੂੰ ਬਣਾਇਆ ਗਿਆ । ਉਹ ਪਹਿਲਾਂ ਇਥੇ ਡਾਇਰੈਕਟਰ ਖੋਜ, ਡੀਨ ਖੇਤੀ ਕਾਲਜ ਰਹੇ ਸਨ । ਮੁੜ ਉਹ ਭਾਰਤੀ ਖੇਤੀ ਖੋਜ ਪਰਿਸ਼ਦ ਵਿੱਚ ਡਿਪਟੀ ਡਾਇਰੈਕਟਰ ਜਨਰਲ (ਫ਼ਸਲਾਂ) ਅਤੇ ਜਬਲਪੁਰ ਖੇਤੀ ਯੂਨੀਵਰਸਿਟੀ ਦੇ ਉਪਕੁਲਪਤੀ ਰਹੇ । ਉਨ੍ਹਾਂ ਦੋ ਪਾਰੀਆਂ ਪੂਰੀਆਂ ਕੀਤੀਆਂ । ਉਮਰ ਵਿੱਚ ਵਾਧੇ ਕਾਰਨ ਤੀਜੀ ਪਾਰੀ ਲੈਣ ਤੋਂ ਨਾਂਹ ਕੀਤੀ । ਉਨ੍ਹਾਂ ਦਾ ਸਮਾਂ ਪੰਜਾਬ ਵਿੱਚ ਅੱਤਵਾਦ ਦਾ ਸਮਾਂ ਸੀ । ਹੜਤਾਲਾਂ, ਧਰਨੇ ਆਮ ਸਨ ਪਰ ਉਨ੍ਹਾਂ ਆਪਣੀ ਸੂਝ ਬੂਝ ਨਾਲ ਯੂਨੀਵਰਸਿਟੀ ਦੇ ਕੰਮ ਨੂੰ ਸੁਚਾਰੂ ਰੂਪ ਵਿੱਚ ਅੱਗੇ ਤੋਰਿਆ । ਉਨ੍ਹਾਂ ਸਮੇਂ ਫ਼ੈਕਲਟੀ ਕਲੱਬ ਦੀ ਉਸਾਰੀ ਹੋਈ ਜਿਸ ਦਾ ਨਾਮ ਉਨ੍ਹਾਂ ਪਿੱਛੋਂ ਸੁਖਦੇਵ ਸਿੰਘ ਭਵਨ ਰੱਖ ਦਿੱਤਾ ਗਿਆ । ਉਹ ਗੰਨਾ ਖੋਜ ਦੇ ਮਾਹਿਰ ਸਨ ਉਨ੍ਹਾਂ ਵੱਲੋਂ ਵਿਕਸਤ ਕਿਸਮ ਦੀ ਓ ਜੇ 64 ਹੁਣ ਤੱਕ ਸਫ਼ਲਤਾਪੂਰਵਕ ਕਾਸ਼ਤ ਕੀਤੀ ਜਾ ਰਹੀ ਹੈ । ਉਨ੍ਹਾਂ ਸਮੇਂ ਹੀ ਯੂਨੀਵਰਸਿਟੀ ਦੀ ਸਿਲਵਰ ਜੁਬਲੀ ਮਨਾਈ ਗਈ । ਉਨ੍ਹਾਂ ਕੁਝ ਨਵੇਂ ਵਿਭਾਗ ਬਣਾਏ ਜਿਸ ਨਾਲ ਖੋਜ ਨੂੰ ਹੋਰ ਹੁਲਾਰਾ ਮਿਲਿਆ । ਕੰਢੀ ਇਲਾਕੇ ਦੀ ਖੇਤੀ ਦੇ ਵਿਕਾਸ ਲਈ ਉਨ੍ਹਾਂ ਕੰਢੀ ਖੋਜ ਕੇਂਦਰ ਸਥਾਪਿਤ ਕੀਤਾ । ਉਨ੍ਹਾਂ ਦੀ ਮਰਜੀ ਨਾਲ ਨਵੇਂ ਵੀ ਸੀ ਦੀ ਚੋਣ ਹੋਈ ਤੇ ਆਪ ਉਨ੍ਹਾਂ ਨੂੰ ਕੁਰਸੀ ਉਤੇ ਬਿਠਾ ਕੇ ਗਏ ।

ਡਾ. ਸੁਖਦੇਵ ਸਿੰਘ ਦੋ ਮਹੀਨਿਆਂ ਦੀ ਛੁੱਟੀ ਲੈ ਕੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਅਮਰੀਕਾ ਗਏ । ਉਨ੍ਹਾਂ ਦੀ ਥਾਂ ਡਾ. ਸਰਦਾਰਾ ਸਿੰਘ ਜੌਹਲ ਨੂੰ ਉਪ-ਕੁਲਪਤੀ ਬਣਾਇਆ ਗਿਆ । ਡਾ. ਜੌਹਲ ਪੰਜਾਬੀ ਯੂਨੀਵਰਸਿਟੀ ਦੇ ਵੀ ਸੀ ਕੇਂਦਰੀ ਖੇਤੀ ਕੀਮਤ ਤੇ ਲਾਗਤ ਕਮਿਸ਼ਨ ਦੇ ਚੇਅਰਮੈਨ, ਐਫ ਏ ਓ ਮਾਹਿਰ ਅਤੇ ਯੂਨੀਵਰਸਿਟੀ ਵਿਖੇ ਡਾਇਰੈਕਟਰ ਖੋਜ ਰਹੇ ਸਨ । ਉਨ੍ਹਾਂ ਇਨ੍ਹਾਂ ਦੋ ਮਹੀਨਿਆਂ ਵਿੱਚ ਜਿਥੇ ਪੁਰਾਣੇ ਸਾਰੇ ਕੇਸਾਂ ਦਾ ਨਿਪਟਾਰਾ ਕੀਤਾ ਉਥੇ ਯੂਨੀਵਰਸਿਟੀ ਵਿੱਚ ਦਾਖਲੇ ਲਈ ਟੈਸਟ ਲਾਗੂ ਕੀਤਾ । ਪਹਿਲਾ ਦਾਖਲਾ ਕੇਵਲ ਪਿਛਲੇ ਇਮਤਿਹਾਨ ਵਿੱਚ ਪ੍ਰਾਪਤ ਨੰਬਰਾਂ ਆਧਾਰਿਤ ਹੀ ਹੋ ਜਾਂਦਾ ਸੀ । ਉਨ੍ਹਾਂ ਵੱਲੋਂ ਲਾਗੂ ਕੀਤਾ ਗਿਆ ਦਾਖਲਾ ਟੈਸਟ ਉਵੇਂ ਹੀ ਚੱਲਿਆ ਆ ਰਿਹਾ ਹੈ । ਯੂਨੀਵਰਸਿਟੀ ਦੇ ਅਰਥ ਸ਼ਾਸਤਰ ਵਿਭਾਗ ਦੀ ਇਮਾਰਤ ਦਾ ਨਾਮ ਡਾ. ਸਰਦਾਰਾ ਸਿੰਘ ਜੌਹਲ ਰੱਖਿਆ ਹੈ । ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਪਦਮ ਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ ।

ਡਾ. ਖੇਮ ਸਿੰਘ ਗਿੱਲ ਯੂਨੀਵਰਸਿਟੀ ਵਿੱਚ ਸਭ ਤੋਂ ਵੱਧ ਅਹੁਦਿਆਂ 'ਤੇ ਕੰਮ ਕਰਨ ਵਾਲੇ ਵਿਗਿਆਨੀ ਬਣੇ । ਉਹ ਆਪਣੇ ਵਿਭਾਗ ਦੇ ਮੁਖੀ, ਖੇਤੀ ਕਾਲਜ ਦੇ ਡੀਨ, ਡਾਇਰੈਕਟਰ ਖੋਜ, ਡਾਇਰੈਕਟਰ ਪਸਾਰ ਸਿੱਖਿਆ ਅਤੇ ਵਾਈਸ ਚਾਂਸਲਰ ਬਣੇ । ਉਹ ਪੌਦ ਨਸਲਕਸ਼ੀ ਵਿਗਿਆਨੀ ਸਨ । ਉਨ੍ਹਾਂ ਬਾਜਰਾ, ਤੇਲ ਬੀਜ, ਕਣਕ ਤੇ ਕਈ ਹੋਰ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਵਿਕਸਤ ਕੀਤੀਆਂ ਪਰ ਸਭ ਤੋਂ ਵਧ ਪ੍ਰਸਿੱਧੀ ਉਤੇ ਖੋਜ ਕਰਕੇ ਹੋਈ । ਉਨ੍ਹਾਂ ਵੱਲੋਂ ਵਿਕਸਤ ਕਿਸਮ ਪੀ ਬੀ ਡਬਲਯੂ 711 ਬਹੁਤ ਪ੍ਰਸਿੱਧ ਹੋਈ ਤੇ ਕਈ ਸਾਲ ਸਭ ਤੋਂ ਵੱਧ ਰਕਬੇ ਵਿੱਚ ਉਸ ਦੀ ਕਾਸ਼ਤ ਹੁੰਦੀ ਰਹੀ । ਯੂਨੀਵਰਸਿਟੀ ਵਿਖੇ ਉਨ੍ਹਾਂ ਨੇ ਕਿਸਾਨ ਸੇਵਾ ਕੇਂਦਰ ਤੇ ਕਣਕ ਭਵਨ ਬਣਾਏ । ਕਿਸਾਨ ਸੇਵਾ ਕੇਂਦਰ ਉਤੇ ਘੰਟਾ ਘਰ ਲਗਵਾਇਆ ਤਾਂ ਜੋ ਦੂਰ ਤੋਂ ਹੀ ਕਿਸਾਨਾਂ ਨੂੰ ਨਜ਼ਰ ਆ ਸਕੇ । ਕਿਸਾਨ ਆਪਣੀਆਂ ਸਮੱਸਿਆਵਾਂ ਬਾਰੇ ਇਥੇ ਇੱਕੋ ਥਾਂ ਮਾਹਿਰਾਂ ਨਾਲ ਵਿਚਾਰ ਵਟਾਂਦਰਾ ਕਰ ਸਕਦੇ ਹਨ । ਪਸਾਰ ਸਿੱਖਿਆ ਡਾਇਰੈਕਟਰ ਵੀ ਇਸੇ ਭਵਨ ਵਿੱਚ ਹੈ । ਯੂਨੀਵਰਸਿਟੀ ਵਿੱਚ ਪਸਾਰ ਅਤੇ ਖੋਜ ਨੂੰ ਹੋ ਉਸਾਰੂ ਢੰਗ ਨਾਲ ਚਲਾਉਣ ਲਈ ਐਡੀਸ਼ਨਲ ਡਾਇਰੈਕਟਰਾਂ ਦੀਆਂ ਅਸਾਮੀਆਂ ਬਣਾਈਆਂ । ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਪਦਮ ਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ । ਕਿਸਾਨ ਸੇਵਾ ਕੇਂਦਰ ਦਾ ਨਾਮ ਡਾ. ਖੇਮ ਸਿੰਘ ਗਿੱਲ ਸੇਵਾ ਕੇਂਦਰ ਹੀ ਰੱਖਿਆ ਗਿਆ ਹੈ ।

ਡਾ. ਗਿੱਲ ਪਿੱਛੋਂ ਪੌਦ ਨਸਲਕਸ਼ੀ ਦੇ ਹੀ ਮਾਹਿਰ ਡਾ. ਅਮਰਜੀਤ ਸਿੰਘ ਖਹਿਰਾ ਵੀ ਸੀ ਬਣੇ । ਉਨ੍ਹਾਂ ਨੇ 1949 ਵਿਚ ਸਰਕਾਰੀ ਖੇਤੀ ਕਾਲਜ, ਲੁਧਿਆਣਾ ਵਿਖੇ ਦਾਖਲਾ ਲਿਆ । ਡਾ. ਖਹਿਰਾ ਨੇ ਆਪਣੀ ਬੀ ਐਸ ਸੀ ਦੀ ਡਿਗਰੀ 1953, ਐਮ ਐਸ ਸੀ ਦੀ ਡਿਗਰੀ 1959 ਅਤੇ ਪੀਐਚ ਡੀ ਦੀ ਡਿਗਰੀ 1968 ਵਿਚ ਪ੍ਰਾਪਤ ਕੀਤੀ । ਉਹ ਹੇਠਲੇ ਡੰਡੇ ਤੋਂ ਨੌਕਰੀ ਸ਼ੁਰੂ ਕਰਕੇ ਟੀਸੀ ਉਤੇ ਪੁੱਜੇ । ਉਨ੍ਹਾਂ ਦਾ ਬਹੁਤਾ ਕਾਰਜਕਾਲ ਮੱਕੀ ਉਤੇ ਖੋਜ ਕਰਨ ਵਿਚ ਹੀ ਬੀਤਿਆ । ਉਹ ਇਕ ਦਹਾਕੇ ਤੋਂ ਵੀ ਵਧ ਸਮਾਂ ਮੱਕੀ ਉਤੇ ਖੋਜ ਕਰਨ ਵਾਲੇ ਗਰੁੱਪ ਦੇ ਮੁਖੀ ਵੀ ਰਹੇ । ਉਨ੍ਹਾਂ ਮੱਕੀ ਦੀਆਂ ਕਈ ਵਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਜਿਨ੍ਹਾਂ ਵਿੱਚੋਂ ਅਗੇਤੀ 76, ਪਰਤਾਪ, ਸੰਗਮ, ਨਵਜੋਤ, ਸਰਤਾਜ, ਪ੍ਰਭਾਤ, ਜੇ 1006, ਮੇਘਾ, ਕੇਸਰੀ, ਪ੍ਰਕਾਸ਼, ਪਰਲ ਪੌਪਕਾਰਨ ਪ੍ਰਮੁੱਖ ਹਨ । ਇਹ ਕਿਸਮਾਂ ਕੇਵਲ ਪੰਜਾਬ ਵਿੱਚ ਹੀ ਨਹੀਂ ਸਗੋਂ ਦੇਸ਼ ਦੇ ਹੋਰ ਸੂਬਿਆਂ ਵਿਚ ਵੀ ਪ੍ਰਚਲਿਤ ਹੋਈਆਂ ਹਨ । ਜਿਥੇ ਆਪ ਇਕ ਉਚ ਕੋਟੀ ਦੇ ਵਿਗਿਆਨੀ ਸਨ, ਉਥੇ ਇੱਕ ਵਧੀਆ ਅਧਿਆਪਕ ਵੀ ਸਨ । ਉਨ੍ਹਾਂ ਵਲੋਂ ਕੀਤੇ ਵਧੀਆ ਕੰਮ ਨੂੰ ਵੇਖਦਿਆਂ ਹੋਇਆਂ ਯੂਨੀਵਰਸਿਟੀ ਵਲੋਂ ਸਤੰਬਰ 1991 ਵਿੱਚ ਡਾਇਰੈਕਟ ਖੋਜ ਬਣਾਇਆ ਗਿਆ । ਆਪ ਜੀ ਨੂੰ ਯੂਨੀਵਰਸਿਟੀ ਦਾ ਮੁਖੀ 1994 ਨੂੰ ਬਣਾਇਆ ਗਿਆ । ਇਨ੍ਹਾਂ ਬਤੌਰ ਵਾਈਸ ਚਾਂਸਲਰ ਚਾਰ ਸਾਲ ਕੰਮ ਕੀਤਾ । ਉਨ੍ਹਾਂ ਯੂਨੀਵਰਸਿਟੀ ਵਿੱਚ ਓਪਨ ਏਅਰ ਥੀਏਟਰ ਅਤੇ ਤਲਾਬ ਦੀ ਉਸਾਰੀ ਕਰਵਾਈ ।

ਦਸਵੇਂ ਮੁਖੀ ਡਾ. ਗੁਰਚਰਨ ਸਿੰਘ ਕਾਲਕਟ ਬਣੇ । ਡਾ. ਗੁਰਚਰਨ ਸਿੰਘ ਕਾਲਕਟ ਦੀ ਪੰਜਾਬ ਦੇ ਖੇਤੀ ਵਿਕਾਸ ਵਿੱਚ ਅਹਿਮ ਭੂਮਿਕਾ ਹੈ । ਉਨ੍ਹਾਂ ਨੇ 1947 ਵਿੱਚ ਲਾਇਲਪੁਰ ਦੇ ਖੇਤੀ ਕਾਲਜ ਤੋਂ ਡਿਗਰੀ ਪ੍ਰਾਪਤ ਕੀਤੀ ਤੇ ਉਦੋਂ ਤੋਂ ਆਪਣੇ ਆਖਰੀ ਸਾਹ ਤੱਕ ਖੇਤੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ । ਉਹ ਪੰਜਾਬ ਕਿਸਾਨ ਕਮਿਸ਼ਨ ਦੇ ਮੁੱਢਲੇ ਚੇਅਰਮੈਨ ਸਨ ਅਤੇ ਇਸ ਪਦਵੀ ਉਤੇ ਕੋਈ 12 ਵਰ੍ਹੇ ਰਹੇ । ਉਨ੍ਹਾਂ ਨੂੰ ਅਮਰੀਕਾ ਵਿਖੇ ਉਚੇਰੀ ਪੜ੍ਹਾਈ ਲਈ ਰੌਕੀਫ਼ੈਲਰ ਫ਼ਾਊਂਡੇਸ਼ਨ ਦੀ ਫੈਲੋਸ਼ਿਪ ਮਿਲ ਗਈ । ਅਮਰੀਕਾ ਤੋਂ ਵਾਪਸ ਆ ਕੇ ਡਾ. ਕਾਲਕਟ ਖੇਤੀ ਵਿਭਾਗ ਵਿੱਚ ਪਦ ਉਨਤ ਹੋ ਕੇ ਡਿਪਟੀ ਡਾਇਰੈਕਟਰ ਬਣੇ । ਆਪ ਜੀ ਨੂੰ 1971 ਵਿੱਚ ਇਸੇ ਵਿਭਾਗ ਦਾ ਡਾਇਰੈਕਟਰ ਬਣਾਇਆ ਗਿਆ । ਆਪ ਜੀ ਦੀ ਯੋਗਤਾ ਅਤੇ ਪੰਜਾਬ ਵਿੱਚ ਕੀਤੇ ਕੰਮ ਨੂੰ ਵੇਖਦਿਆਂ ਹੋਇਆਂ ਭਾਰਤ ਸਰਕਾਰ ਨੇ 1973 ਵਿੱਚ ਇਨ੍ਹਾਂ ਨੂੰ ਆਪਣਾ ਖੇਤੀਬਾੜੀ ਕਮਿਸ਼ਨਰ ਨਿਯੁਕਤ ਕਰ ਲਿਆ । ਇਸ ਪਦਵੀ ਉਤੇ ਆਪ 1978 ਤੱਕ ਰਹੇ ਤੇ ਦੇਸ਼ ਦੇ ਖੇਤੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ । ਡਾ. ਕਾਲਕਟ ਵਲੋਂ ਖੇਤੀ ਵਿਕਾਸ ਲਈ ਕੀਤੇ ਯਤਨਾਂ ਤੋਂ ਪ੍ਰਭਾਵਿਤ ਹੋ ਕੇ ਵਿਸ਼ਵ ਬੈਂਕ ਨੇ ਉਨ੍ਹਾਂ ਨੂੰ ਆਪਣਾ ਸੀਨੀਅਰ ਖੇਤੀ ਮਾਹਿਰ ਬਣਾਇਆ । ਉਹ ਅਪ੍ਰੈਲ 1998 ਤੋਂ ਮਾਰਚ 2001 ਤੱਕ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਉਪ-ਕੁਲਪਤੀ ਰਹੇ । ਉਨ੍ਹਾਂ ਨੇ ਯੂਨੀਵਰਸਿਟੀ ਦੇ ਹਰੇਕ ਵਿਭਾਗ ਵਿੱਚ ਜਾ ਕੇ ਗੋਸ਼ਟੀਆਂ ਕੀਤੀਆਂ ਤੇ ਹਰੇਕ ਵਿਭਾਗ ਦੀ ਕਾਰਜਨੀਤੀ ਤਿਆਰ ਕਰਵਾਈ । ਭਾਰਤ ਸਰਕਾਰ ਨੇ 1981 ਵਿੱਚ ਪਦਮ ਸ਼੍ਰੀ ਅਤੇ 2007 ਵਿੱਚ ਪਦਮ ਭੂਸ਼ਨ ਸਨਮਾਨ ਨਾਲ ਸਨਮਾਨਿਤ ਕੀਤਾ । ਉਨ੍ਹਾਂ ਦੀ ਆਪਣੀ ਯੂਨੀਵਰਸਿਟੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਆਪਣੇ ਗੋਲਡਨ ਜੁਬਲੀ ਵਰ੍ਹੇ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਆਪਣੀ ਆਧੁਨਿਕ ਜੈਵਿਕ ਕੀਟ ਪ੍ਰਬੰਧ ਪ੍ਰਯੋਗਸ਼ਾਲਾ ਉਨ੍ਹਾਂ ਨੂੰ ਸਮਰਪਿਤ ਕਰਦਿਆਂ ਇਸ ਦਾ ਨਾਮ ਡਾ. ਗੁਰਚਰਨ ਸਿੰਘ ਕਾਲਕਟ ਪ੍ਰਯੋਗਸ਼ਾਲਾ ਰੱਖਿਆ ਹੈ ।

ਡਾ. ਕਾਲਕਟ ਪਿੱਛੋਂ ਡਾ. ਕ੍ਰਿਪਾਲ ਸਿੰਘ ਔਲਖ ਵਾਈਸ ਚਾਂਸਲਰ ਦੀ ਕੁਰਸੀ 'ਤੇ ਇਕ ਅਪ੍ਰੈਲ 2001 ਨੂੰ ਬਿਰਾਜਮਾਨ ਹੋਏ । ਉਨ੍ਹਾਂ ਦੇ ਸੇਵਾ ਕਾਲ ਦਾ ਬਹੁਤਾ ਸਮਾਂ ਇਸੇ ਯੂਨੀਵਰਸਿਟੀ ਵਿੱਚ ਬੀਤਿਆ ।

ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਲੋਪੋਕੇ ਵਿਖੇ ਜਨਮੇ ਡਾ. ਔਲਖ ਨੇ ਬੀ ਐੱਸ ਸੀ (ਖੇਤੀ) ਦੀ ਡਿਗਰੀ ਸੰਨ 1962 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ । ਉਚੇਰੀ ਪੜ੍ਹਾਈ ਉਨ੍ਹਾਂ ਨੇ ਪੌਦ ਰੋਗ ਵਿਗਿਆਨ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਖੇ ਕੀਤੀ । ਉਹ ਇਕ ਵਧੀਆ ਅਧਿਆਪਕ ਤੇ ਸੂਝਵਾਨ ਵਿਗਿਆਨੀ ਹਨ । ਇਨ੍ਹਾਂ ਗੁਣਾਂ ਕਰਕੇ ਡਾ. ਔਲਖ ਆਪਣੇ ਵਿਭਾਗ ਦੇ 1986 ਵਿੱਚ ਮੁਖੀ ਬਣੇ । ਇਸ ਪਿੱਛੋਂ ਉਨ੍ਹਾਂ ਨੂੰ ਸਤੰਬਰ 1989 ਵਿੱਚ ਖੇਤੀ ਕਾਲਜ ਦਾ ਡੀਨ ਲਗਾਇਆ ਗਿਆ । ਉਨ੍ਹਾਂ ਦੀ ਸੂਝ-ਬੂਝ ਤੇ ਪ੍ਰਬੰਧਕੀ ਲਿਆਕਤ ਨੂੰ ਧਿਆਨ ਵਿੱਚ ਰੱਖਦਿਆਂ ਯੂਨੀਵਰਸਿਟੀ ਵਲੋਂ ਉਨ੍ਹਾਂ ਨੂੰ ਸੰਨ 1994 ਵਿੱਚ ਡਾਇਰੈਕਟਰ ਖੋਜ ਬਣਾਇਆ ਗਿਆ । ਉਨ੍ਹਾਂ ਖੇਤੀ ਖੋਜ ਦੇ ਨਾਲ-ਨਾਲ ਦੂਜੇ ਖੇਤਰਾਂ ਖੇਤੀ ਇੰਜੀਨੀਅਰਿੰਗ, ਪਸ਼ੂ ਪਾਲਣ ਤੇ ਇਲਾਜ, ਗ੍ਰਹਿ ਵਿਗਿਆਨ ਤੇ ਬੇਸਿਕ ਸਾਇੰਸਿਜ਼ ਵਿੱਚ ਖੋਜ ਨੂੰ ਹੁਲਾਰਾ ਦਿੱਤਾ ।

ਯੂਨੀਵਰਸਿਟੀ ਦੀ ਵਾਗਡੋਰ ਉਨ੍ਹਾਂ 2001 ਵਿੱਚ ਸੰਭਾਲੀ ਉਨ੍ਹਾਂ ਨੇ ਆਰਥਿਕ ਤੇ ਪ੍ਰਬੰਧਕੀ ਸੁਧਾਰਾਂ ਦੀ ਮੁਹਿੰਮ ਸ਼ੁਰੂ ਕੀਤੀ । ਇੱਕੋ ਤਰ੍ਹਾਂ ਦਾ ਕੰਮ ਕਰਨ ਵਾਲੇ ਵਿਭਾਗਾਂ ਨੂੰ ਇਕੱਠਿਆਂ ਕੀਤਾ, ਵਾਧੂ ਅਸਾਮੀਆਂ ਖਤਮ ਕੀਤੀਆਂ । ਸਮੇਂ ਦੀ ਪਾਬੰਦੀ ਤੇ ਅਨੁਸ਼ਾਸਨ ਨੂੰ ਸਖ਼ਤੀ ਨਾਲ ਲਾਗੂ ਕੀਤਾ । ਡਾ. ਔਲਖ ਦੇ ਕਾਰਜਕਾਲ ਦੌਰਾਨ ਬਹੁਤ ਸਾਰੀਆਂ ਵਿਦੇਸ਼ੀ ਯੂਨੀਵਰਸਿਟੀਆਂ ਤੇ ਸੰਸਥਾਵਾਂ ਨਾਲ ਕੰਮਕਾਜੀ ਸਾਂਝ ਵਧਾਉਣ ਲਈ ਸਮਝੌਤੇ ਕੀਤੇ ਗਏ । ਉਨ੍ਹਾਂ ਦੇ ਕਾਰਜਕਾਲ ਦੌਰਾਨ ਹੀ ਕੇਂਦਰ ਸਰਕਾਰ ਵੱਲੋਂ ਯੂਨੀਵਰਸਿਟੀ ਨੂੰ 100 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦਿੱਤੀ ਗਈ ਜੋ ਕਿ ਇਕ ਵੱਡੀ ਪ੍ਰਾਪਤੀ ਸੀ । ਉਨ੍ਹਾਂ ਵੇਲੇ ਹੀ ਭਾਰਤ ਦੇ ਰਾਸ਼ਟਰਪਤੀ ਡਾ. ਅਬਦੁਲ ਕਲਾਮ ਯੂਨੀਵਰਸਿਟੀ ਵਿਖੇ ਕਿਸਾਨ ਮੇਲਾ ਵੇਖਣ ਆਏ ।

ਡਾ. ਔਲਖ ਪਿੱਛੋਂ ਡਾ. ਮਨਜੀਤ ਸਿੰਘ ਕੰਗ ਨੇ 1968 ਵਿੱਚ ਇਸੇ ਯੂਨੀਵਰਸਿਟੀ ਤੋਂ ਬੀਐੱਸਸੀ (ਖੇਤੀ) ਦੀ ਡਿਗਰੀ ਪ੍ਰਾਪਤ ਕੀਤੀ ਤੇ 40 ਸਾਲ ਬਾਅਦ ਇਸੇ ਯੂਨੀਵਰਸਿਟੀ ਦੀ ਵਾਗਡੋਰ ਸੰਭਾਲੀ ।

ਅਮਰੀਕਾ ਦੀ ਸਦਰਨ ਇਲੀਨੋਇ ਯੂਨੀਵਰਸਿਟੀ ਤੋਂ ਪਲਾਂਟ ਜੈਨੇਟਿਕਸ ਵਿੱਚ ਐੱਮਐੱਸਸੀ ਕੀਤੀ । ਉਨ੍ਹਾਂ ਪੀਐੱਚਡੀ ਮਿਸੂਰੀ ਯੂਨੀਵਰਸਿਟੀ ਤੋਂ 1977 ਵਿੱਚ ਫ਼ਸਲ ਵਿਗਿਆਨ ਵਿੱਚ ਕੀਤੀ । ਅਮਰੀਕਾ ਵਿੱਚ ਉਨ੍ਹਾਂ ਨੇ ਕਈ ਪ੍ਰਸਿੱਧ ਯੂਨੀਵਰਸਿਟੀਆਂ ਵਿੱਚ ਖੋਜ ਤੇ ਅਧਿਆਪਨ ਕਾਰਜ ਵੀ ਕੀਤਾ । ਪੰਜਾਬ ਆਉਣ ਤੋਂ ਪਹਿਲਾਂ ਉਹ ਲੁਜ਼ਿਆਨਾ ਰਾਜ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਸਨ । ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਅਮਰੀਕਨ ਸੁਸਾਇਟੀ ਆਫ਼ ਐਗਰੋਨੋਮੀ ਤੇ ਕਰਾਪ ਸਾਇੰਸ ਆਫ਼ ਅਮਰੀਕਾ ਨੇ ਉਨ੍ਹਾਂ ਨੂੰ ਫੈਲੋਸ਼ਿਪ ਪ੍ਰਦਾਨ ਕੀਤੀ । ਇਸ ਸਨਮਾਨ ਨੂੰ ਅਮਰੀਕਾ ਦਾ ਇੱਕ ਵੱਕਾਰੀ ਸਨਮਾਨ ਮੰਨਿਆ ਜਾਂਦਾ ਹੈ ।

ਪੰਜਾਬ ਸਰਕਾਰ ਚਾਹੁੰਦੀ ਸੀ ਕਿ ਕਿਸੇ ਅੰਤਰਰਾਸ਼ਟਰੀ ਪ੍ਰਸਿਧੀ ਵਾਲੇ ਖੇਤੀ ਵਿਗਿਆਨੀ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਵਾਗਡੋਰ ਸੌਂਪੀ ਜਾਵੇ ਤਾਂ ਜੋ ਖੇਤੀ ਖੋਜ ਨੂੰ ਸਮੇਂ ਦੀ ਲੋੜ ਅਨੁਸਾਰ ਢਾਲਿਆ ਜਾ ਸਕੇ । ਇਹ ਗੁਣ ਡਾ. ਮਨਜੀਤ ਸਿੰਘ ਕੰਗ 'ਤੇ ਪਿਆ । ਉਨ੍ਹਾਂ 30 ਅਪ੍ਰੈਲ 2007 ਨੂੰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਦਾ ਅਹੁਦਾ ਸੰਭਾਲਿਆ । ਉਨ੍ਹਾਂ ਦੀ ਸੋਚਣੀ, ਕਾਰਜਸ਼ੈਲੀ ਇਥੋਂ ਤਕ ਕਿ ਬੋਲੀ ਵੀ ਅਮਰੀਕੀ ਹੋ ਗਈ ਸੀ । ਉਨ੍ਹਾਂ ਇਹੋ ਜਿਹਾ ਹੀ ਮਾਹੌਲ ਇਥੇ ਸਿਰਜਣ ਦਾ ਜਤਨ ਕੀਤਾ । ਵਿਗਿਆਨੀਆਂ ਨੇ ਕਰਮਚਾਰੀਆਂ ਨਾਲ ਦੋਸਤਾਂ ਵਾਂਗ ਪੇਸ਼ ਆਉਣਾ, ਕੰਮਕਾਜੀ ਮਾਹੌਲ ਨੂੰ ਖੁੱਲ੍ਹਾ ਬਣਾਉਣਾ ਤੇ ਵਿਦੇਸ਼ਾਂ ਨਾਲ ਸਾਂਝ ਪੈਦਾ ਕਰਨ ਦਾ ਯਤਨ ਕੀਤਾ । ਕੰਗ ਪਿੱਛੋਂ ਕੋਈ ਦਸ ਸਾਲ ਡਾ. ਬਲਦੇਵ ਸਿੰਘ ਢਿੱਲੋਂ ਵੀ ਸੀ ਰਹੇ ।

ਢਿੱਲੋਂ ਇੱਕ ਸੂਝਵਾਨ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਵਿਗਿਆਨੀ ਹੋਣ ਦੇ ਨਾਲੋਂ ਨਾਲ ਮਿਹਨਤੀ ਅਤੇ ਸੁਲਝੇ ਹੋਏ ਨੀਤੀਵਾਨ ਵੀ ਹਨ । ਪੰਜਾਬ ਦੀ ਖੇਤੀ ਵਿੱਚ ਆਈ ਖੜੋਤ ਨੂੰ ਤੋੜਨ ਲਈ ਉਹ ਦਿਨ ਰਾਤ ਯਤਨਸ਼ੀਲ ਰਹੇ । ਉਨ੍ਹਾਂ ਵਲੋਂ ਮੱਕੀ ਉਤੇ ਕੀਤੀ ਖੋਜ ਨੂੰ ਵਿਸ਼ਵ ਪੱਧਰ ਉਤੇ ਮਾਨਤਾ ਪ੍ਰਾਪਤ ਹੋਈ ਹੈ । ਉਨ੍ਹਾਂ ਨੇ ਮੱਕੀ ਦੀਆਂ ਕਈ ਨਵੀਆਂ ਕਿਸਮਾਂ ਤਿਆਰ ਕੀਤੀਆਂ ਜਿਨ੍ਹਾਂ ਦੀ ਕਾਸ਼ਤ ਪੰਜਾਬ ਵਿੱਚ ਨਹੀਂ ਸਗੋਂ ਦੂਜੇ ਸੂਬਿਆਂ ਵਿੱਚ ਵੀ ਕੀਤੀ ਗਈ । ਉਨ੍ਹਾਂ ਪਹਿਲੀ ਵਾਰ ਇਕਹਿਰੀ ਨਸਲਕਸ਼ੀ ਨਾਲ ਮੱਕੀ ਦੀ ਦੋਗਲੀ ਕਿਸਮ 'ਪਾਰਸ' ਵਿਕਸਤ ਕੀਤੀ । ਉਨ੍ਹਾਂ ਨੂੰ ਮੈਕਸੀਕੋ, ਜਰਮਨੀ ਤੇ ਇੰਗਲੈਂਡ ਵਿਖੇ ਵੀ ਉਚੇਰੀ ਸਿੱਖਿਆ ਪ੍ਰਾਪਤੀ ਦਾ ਮੌਕਾ ਪ੍ਰਾਪਤ ਹੋਇਆ ।

ਉਨ੍ਹਾਂ ਇਸ ਯੂਨੀਵਰਸਿਟੀ ਦੀ ਵਾਗਡੋਰ ਇਕ ਜੂਨ 2011 ਨੂੰ ਸੰਭਾਲੀ । ਉਨ੍ਹਾਂ ਦੀ ਅਗਵਾਈ ਵਿੱਚ ਹੀ ਪੀ ਏ ਯੂ ਨੂੰ ਐਗਰੀ ਲੀਡਰਸ਼ਿਪ ਸਨਮਾਨ-2015 ਪ੍ਰਾਪਤ ਹੋਇਆ । ਯੂਨੀਵਰਸਿਟੀ ਦੀ ਗੋਲਡਨ ਜੁਬਲੀ ਵੀ ਉਨ੍ਹਾਂ ਦੀ ਦੇਖ-ਰੇਖ ਵਿੱਚ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਮਨਾਈ ਗਈ ਜਿਸ ਵਿੱਚ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਹੋਰ ਮਹੱਤਵਪੂਰਨ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ । ਗੋਲਡਨ ਜੁਬਲੀ ਦੀ ਸਥਾਈ ਯਾਦਗਾਰ ਦੇ ਤੌਰ ਉਤੇ ਇੱਕ ਵਿਸ਼ੇਸ਼ ਗੇਟ ਬਣਾਇਆ ਅਤੇ ਇੱਕ ਮੂਰਲ ਵੀ ਸਥਾਪਿਤ ਕਰਵਾਇਆ ।

ਯੂਨੀਵਰਸਿਟੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਇਤਨੀ ਵੱਡੀ ਗਿਣਤੀ ਵਿੱਚ ਸਨਅੱਤੀ ਇਕਾਈਆਂ ਨਾਲ ਸਮਝੌਤੇ ਕੀਤੇ ਗਏ । ਉਨ੍ਹਾਂ ਦੇ ਕਾਰਜਕਾਲ ਸਮੇਂ ਕੋਈ 20 ਤੋਂ ਵਧ ਪਦਾਰਥਾਂ ਦਾ ਪੰਜੀਕਰਨ ਹੋਇਆ ਤੇ 25 ਤੋਂ ਵਧ ਕੰਪਨੀਆਂ ਨਾਲ ਸਮਝੌਤੇ ਕੀਤੇ ਗਏ । ਹੁਣ ਤਕ ਦੇ ਸਾਰੇ ਮੁਖੀਆਂ ਨਾਲੋਂ ਨਾਲ ਵਧ ਸਮੇਂ ਲਈ (ਦਸ ਸਾਲ) ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ । ਉਨ੍ਹਾਂ ਨੇ ਹੀ ਡਾ. ਮਨਮੋਹਨ ਸਿੰਘ ਆਡੀਟੋਰੀਅਮ, ਅੰਤਰਰਾਸ਼ਟਰੀ ਮਹਿਮਾਨ ਘਰ ਤੇ ਕਈ ਹੋਰ ਆਧੁਨਿਕ ਪ੍ਰਯੋਗਸ਼ਾਲਾਵਾਂ ਦੀ ਉਸਾਰੀ ਮੁਕੰਮਲ ਕਰਵਾਈ । ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਸ਼੍ਰੀ ਨਾਲ ਸਨਮਾਨਿਆ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮੌਜੂਦਾ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਹੋਰਾਂ ਇਹ ਪਦਵੀ 19 ਅਗਸਤ 2022 ਨੂੰ ਸੰਭਾਲੀ । ਇਸ ਯੂਨੀਵਰਸਿਟੀ ਨਾਲ ਉਨ੍ਹਾਂ ਦੀ ਲੰਬੇ ਸਮੇਂ ਦੀ ਸਾਂਝ ਹੈ । ਪੜ੍ਹਾਈ ਪੂਰੀ ਕਰਨ ਪਿੱਛੋਂ ਉਨ੍ਹਾਂ ਇਥੇ ਹੀ ਨੌਕਰੀ ਸ਼ੁਰੂ ਕੀਤੀ ਤੇ ਬਾਇਓਟੈਕਨੋਲੋਜੀ ਵਿਭਾਗ ਦੇ ਮੁਖੀ ਬਣੇ । ਜਦੋਂ ਇਸ ਵਿਭਾਗ ਨੂੰ ਉਨਤ ਕਰਕੇ ਸਕੂਲ ਬਣਾਇਆ ਗਿਆ ਤਾਂ ਆਪ ਇਸ ਦੇ ਪਹਿਲੇ ਡਾਇਰੈਕਟਰ ਬਣੇ । ਯੂਨੀਵਰਸਿਟੀ ਵਿੱਚ ਹੀ ਡਾਇਰੈਕਟਰ ਖੋਜ ਵੀ ਰਹੇ ਅਤੇ ਇਸ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਵੀ ਬਣੇ । ਨਿਮਰ ਸੁਭਾਵ ਅਤੇ ਸਭ ਨਾਲ ਖਿੜੇ ਮੱਥੇ ਮਿਲਣ ਕਰਕੇ ਉਹ ਵਿਦਿਆਰਥੀਆਂ ਅਤੇ ਸਟਾਫ਼ ਵਿੱਚ ਹਰਮਨ ਪਿਆਰੇ ਹਨ । ਵੀ ਸੀ ਦੀ ਕੁਰਸੀ ਸੰਭਾਲਦਿਆਂ ਹੀ ਉਨ੍ਹਾਂ ਯੂਨੀਵਰਸਿਟੀ ਦਾ ਮੂੰਹ ਮੱਥਾ ਸਵਾਰਨ ਦਾ ਕੰਮ ਵੱਡੇ ਪੱਧਰ ਉਤੇ ਸ਼ੁਰੂ ਕੀਤਾ ਹੈ । ਸੂਬੇ ਵਿੱਚ ਆ ਰਹੀ ਪਾਣੀ ਦੀ ਕਮੀ ਨੂੰ ਵੇਖਦਿਆਂ ਵਿਗਿਆਨੀਆਂ ਨੂੰ ਘਟ ਸਮੇਂ ਅਤੇ ਘਟ ਪਾਣੀ ਨਾਲ ਤਿਆਰ ਹੋਣ ਵਾਲੀਆਂ ਕਿਸਮਾਂ ਵਿਕਸਤ ਕਰਨ ਲਈ ਉਤਸ਼ਾਹਿਤ ਕਰ ਰਹੇ ਹਨ । ਇਸ ਦੇ ਨਾਲ ਹੀ ਕਿਸਾਨਾਂ ਨੂੰ ਇਨ੍ਹਾਂ ਕਿਸਮਾਂ ਨੂੰ ਅਪਣਾਉਣ ਲਈ ਵੱਡੀ ਪੱਧਰ ਉਤੇ ਕਾਰਜ ਕਰਾ ਰਹੇ ਹਨ । ਬਾਇਓਟੈਕਨੋਲੋਜੀ ਦੀ ਖੋਜ ਵਿੱਚ ਆਪ ਨੂੰ ਵਿਸ਼ਵ ਪੱਧਰ ਦੀ ਪ੍ਰਸਿੱਧੀ ਮਿਲੀ ਹੈ । ਉਨ੍ਹਾਂ 20 ਤੋਂ ਵੱਧ ਫ਼ਸਲਾਂ ਦੇ ਟਿਸ਼ੂ ਕਲਚਰਲ ਨਾਲ ਸਫ਼ਲਤਾਪੂਰਵਕ ਬੂਟੇ ਤਿਆਰ ਕਰਨ ਦੀਆਂ ਵਿਧੀਆਂ ਵਿਕਸਤ ਕੀਤੀਆਂ ਹਨ ਅਤੇ ਬੀ ਟੀ ਕਿਸਮਾਂ ਵਿਕਸਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ । ਉਨ੍ਹਾਂ ਦੀ ਅਗਵਾਈ ਹੇਠ ਕੀਤੇ ਜਾ ਰਹੇ ਸ਼ਾਨਦਾਰ ਕਾਰਜਾਂ ਕਰਕੇ ਇਸ ਵਰ੍ਹੇ ਮੁੜ ਯੂਨੀਵਰਸਿਟੀ ਨੂੰ ਦੇਸ਼ ਦੀ ਸਭ ਤੋਂ ਵਧੀਆ ਖੇਤੀ ਯੂਨੀਵਰਸਿਟੀ ਐਲਾਨਿਆ ਗਿਆ ਹੈ । ਉਨ੍ਹਾਂ ਵੱਲੋਂ ਆਰਟੀਫੀਸ਼ੀਅਲ ਸਿਆਣਪ, ਡੀਜੀਟਲ ਵਿਧੀਆਂ ਦੀ ਵਰਤੋਂ ਨਾਲ ਖੇਤੀ ਨੂੰ ਇੱਕ ਵਿਉਪਾਰਕ ਧੰਦਾ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ । ਡਾ. ਖੁਸ਼ ਕੇਂਦਰ ਅਤੇ ਕਈ ਹੋਰ ਨਵੀਆਂ ਪ੍ਰਯੋਗਸ਼ਾਲਾਵਾਂ ਬਣਾਈਆਂ ਜਾ ਰਹੀਆਂ ਹਨ ਤਾਂ ਜੋ ਪੰਜਾਬ ਦੀ ਖੇਤੀ ਨੂੰ ਨਵਾਂ ਮੋੜ ਦਿੱਤਾ ਜਾ ਸਕੇ ਜਿਸ ਨਾਲ ਉਹ ਵਿਉਪਾਰਕ ਖੇਤੀ ਕਰਕੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਣ ।



## ਕਿਸਾਨ ਵੀਰਾਂ ਲਈ

# ਇਸ ਹਫਤੇ ਦੇ ਖੇਤੀ ਰੁਝੇਵੇਂ

**ਝੋਨਾ** : ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ । ਝੋਨੇ ਦੀ ਫ਼ਸਲ ਨੂੰ ਪਾਣੀ ਜੀਰਨ ਤੋਂ ਦੋ ਦਿਨ ਬਾਅਦ ਪਾਣੀ ਦੇਣਾ ਚਾਹੀਦਾ ਹੈ, ਪਰ ਖੇਤ ਵਿੱਚ ਤਰੇੜਾਂ ਨਾ ਪੈਣ ਦਿਉ । ਜੇਕਰ ਨਾਈਟਰੋਜਨ



ਦੀ ਅਖੀਰਲੀ ਕਿਸ਼ਤ ਨਹੀਂ ਪਾਈ ਤਾਂ 30 ਕਿਲੋ ਯੂਰੀਆ ਪਾ ਦਿਉ । ਘੱਟ ਸਮਾਂ ਲੈਣ ਵਾਲੀ ਕਿਸਮ ਪੀ. ਆਰ.-126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫਤੇ ਬਾਅਦ ਪਾਉ ।

**ਬਾਸਮਤੀ** : ਬਾਸਮਤੀ ਦੀ ਕਿਸਮ ਸੀ. ਐਸ. ਆਰ.-30 ਨੂੰ 18 ਕਿਲੋ ਯੂਰੀਆ ਪ੍ਰਤੀ ਏਕੜ ਪਾਉ ਅਤੇ ਪੰਜਾਬ ਬਾਸਮਤੀ-7 ਤੇ 5, ਪੂਸਾ ਬਾਸਮਤੀ-1121, 1718 ਨੂੰ 36 ਕਿਲੋ ਯੂਰੀਆ ਪ੍ਰਤੀ ਏਕੜ ਪਾਉ । ਪੂਸਾ ਬਾਸਮਤੀ-1847 ਅਤੇ 1509 ਨੂੰ 54 ਕਿਲੋ ਯੂਰੀਆ ਪਾਉਣੀ ਚਾਹੀਦੀ ਹੈ । ਯੂਰੀਆ ਖਾਦ ਨੂੰ 2 ਬਰਾਬਰ ਕਿਸ਼ਤਾਂ ਵਿੱਚ ਪਨੀਰੀ ਲਾਉਣ ਤੋਂ 2 ਹਫਤੇ ਅਤੇ 6 ਹਫਤੇ ਪਿਛੋਂ ਪਾਉ । ਝੋਨੇ ਦੀ ਫ਼ਸਲ ਨੂੰ ਸ਼ੀਥ ਬਲਾਈਟ ਦੇ ਹਮਲੇ ਤੋਂ ਬਚਾਉਣ ਲਈ ਵੱਟਾਂ ਬੰਨੇ ਸਾਫ਼ ਰੱਖੋ । ਜੇਕਰ ਇਸ ਦਾ ਹਮਲਾ ਨਜ਼ਰ ਆਵੇ ਤਾਂ 200 ਗ੍ਰਾਮ ਅਜਾਨ 48 ਡਬਲਯੂ. ਜੀ. ਜਾਂ 600 ਗ੍ਰਾਮ ਅਵੈਂਸਰ ਗਲੋ 75 ਡਬਲਯੂ. ਜੀ. ਜਾਂ 150 ਮਿਲੀਲੀਟਰ



ਪਲਸਰ/ਇਗਲੇਅਰ 24 ਐਸ. ਸੀ. ਜਾਂ 200 ਮਿਲੀਲੀਟਰ ਐਮੀਸਟਾਰ ਟੌਪ 325 ਐਸ. ਸੀ. ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਮੁੱਢਾਂ ਵਿੱਚ ਰੁੱਖ ਕਰਕੇ ਛਿੜਕਾਅ ਕਰੋ ।

**ਕਪਾਹ** : ਆਉਣ ਵਾਲੇ ਦਿਨਾਂ ਵਿੱਚ ਬਾਰਿਸ਼ ਦੀ ਸੰਭਾਵਨਾ ਹੈ ਅਤੇ ਨਰਮੇ-ਕਪਾਹ ਦੀ ਫ਼ਸਲ ਖੜ੍ਹੇ ਪਾਣੀ ਨੂੰ ਨਹੀਂ ਝੱਲਦੀ । ਇਸ ਲਈ ਬਰਸਾਤ ਦੇ ਮੌਸਮ ਵਿੱਚ ਨਰਮੇ/ਕਪਾਹ ਦੇ ਖੇਤਾਂ ਵਿੱਚੋਂ ਫਾਲਤੂ ਪਾਣੀ ਬਾਹਰ ਕੱਢ ਦਿਉ । ਕਪਾਹ ਵਿਰਲੀ ਕਰਨ ਵੇਲੇ ਨਾਈਟਰੋਜਨ ਦੀ ਅੱਧੀ ਖੁਰਾਕ ਪਾਉ ਅਤੇ ਬਾਕੀ ਅੱਧੀ ਨਾਈਟਰੋਜਨ ਫੁੱਲ ਨਿਕਲਣ ਸਮੇਂ ਪਾਉ । ਨਰਮੇ ਦੀ ਫ਼ਸਲ ਵਿੱਚ ਨਦੀਨਾਂ ਦੀ ਰੋਕਥਾਮ ਲਈ 2-3 ਗੋਡੀਆਂ ਕਰੋ, ਪਹਿਲੀ ਗੋਡੀ ਪਹਿਲੇ ਪਾਣੀ ਤੋਂ ਪਹਿਲਾਂ, ਪਹੀਏ ਵਾਲੀ ਤ੍ਰਿਫਾਲੀ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ/ਰੋਟਰੀ ਵੀਡਰ ਨਾਲ ਕਰੋ । ਫ਼ਸਲ ਨੂੰ ਫੁੱਲ ਜਾਂ ਟੀਂਡੇ ਪੈਣ ਤੋਂ ਬਾਅਦ ਇਹਨਾਂ ਦੀ ਵਰਤੋਂ ਨਾ ਕਰੋ । ਫ਼ਸਲ ਵਿਚਕਾਰ ਪਈ ਥਾਂ ਤੋਂ ਨਦੀਨ ਮਾਰਨ ਲਈ ਗਰਾਮੋਕਸੋਨ 24 ਐਸ. ਐਲ. (ਪੈਰਾਕੁਏਟ) ਦਾ 500 ਮਿਲੀਲੀਟਰ ਜਾਂ 900 ਮਿਲੀਲੀਟਰ ਸਵੀਪ ਪਾਵਰ 13.5 ਐਸ. ਐਲ. (ਗਲੂਫੋਸੀਨੇਟ ਅਮੋਨੀਅਮ) ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਪਾਣੀ ਵਿੱਚ ਘੋਲ ਕੇ ਨਦੀਨਾਂ



ਉਪਰ ਸਿੱਧਾ ਛਿੜਕੋ । ਜਦੋਂ ਫ਼ਸਲ 6-8 ਹਫਤਿਆਂ ਦੀ ਹੋ ਜਾਵੇ ਅਤੇ 40-45 ਸੈਂਟੀਮੀਟਰ ਉੱਚੀ ਹੋ ਜਾਵੇ । ਨਦੀਨ-ਨਾਸ਼ਕ ਜ਼ਹਿਰਾਂ ਉਦੋਂ ਵਰਤੋ, ਜਦੋਂ ਹਵਾ ਨਾ ਵਗਦੀ ਹੋਵੇ । ਇਹ ਵੀ ਖਿਆਲ ਰੱਖੋ ਕਿ ਨਦੀਨ-ਨਾਸ਼ਕ ਫ਼ਸਲ ਦੇ ਪੱਤਿਆਂ 'ਤੇ ਨਾ ਪਵੇ । ਨਰਮੇ ਨੂੰ ਫੁੱਲ ਆਉਣ ਸਮੇਂ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟਰੇਟ (13 : 0 : 45) ਘੋਲ ਦੇ 4 ਛਿੜਕਾਅ ਹਫਤੇ ਦੇ ਵਕਫੇ ਨਾਲ ਕਰੋ । ਮੀਂਹ ਪੈਣ ਨਾਲ ਬੀ. ਟੀ. ਨਰਮੇ ਦੇ ਖੇਤਾਂ ਵਿੱਚ ਪੈਰਾਵਿਲਟ ਦੀ ਸਮੱਸਿਆ ਆ ਸਕਦੀ ਹੈ । ਇਸ ਦੀ ਰੋਕਥਾਮ ਲਈ ਪ੍ਰਭਾਵਿਤ ਬੂਟਿਆਂ ਉਪਰ (ਤਾਜ਼ਾ ਕੁਮਲਾਏ ਹੋਏ) 10 ਮਿਲੀਲੀਟਰ ਕੋਬਾਲਟ ਕਲੋਰਾਈਡ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਘੋਲ ਕੇ ਛਿੜਕਾਅ ਕਰੋ । ਇਸ ਤੋਂ ਇਲਾਵਾ ਪੱਤਿਆਂ 'ਤੇ ਉੱਲੀ ਦੇ ਧੱਬਿਆਂ ਦਾ ਹਮਲਾ ਨਜ਼ਰ ਆਉਣ 'ਤੇ 200 ਮਿਲੀਲੀਟਰ ਐਮੀਸਟਾਰ ਟੌਪ 325 ਐਸ. ਸੀ. ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

**ਕਮਾਦ** : ਕਮਾਦ ਦੀ ਫ਼ਸਲ ਡਿੱਗਣ ਤੋਂ ਰੋਕਣ ਲਈ ਫ਼ਸਲ ਦੇ ਮੂਇ ਬੰਨ੍ਹ ਦਿਉ । ਰੇਤਲੀ ਅਤੇ ਕੱਲਰ ਵਾਲੀਆਂ ਜ਼ਮੀਨਾਂ 'ਤੇ ਕਮਾਦ ਤੇ ਲੋਹੇ ਦੀ ਘਾਟ ਆਮ ਤੌਰ 'ਤੇ ਆ ਜਾਂਦੀ ਹੈ, ਜਿਸ ਦੀਆਂ ਨਿਸ਼ਾਨੀਆਂ ਨਵੇਂ ਪੱਤਿਆਂ 'ਤੇ ਵਿਖਾਈ ਦਿੰਦੀਆਂ ਹਨ । ਨਵੇਂ ਪੱਤੇ ਆਮ ਤੌਰ 'ਤੇ ਪੀਲੇ ਜਾਂ ਚਿੱਟੇ ਰੰਗ ਦੇ ਨਜ਼ਰ ਆਉਂਦੇ ਹਨ । ਇਸ ਤੱਤ ਦੀ ਘਾਟ 1 ਪ੍ਰਤੀਸ਼ਤ ਫੈਰਸ ਸਲਫੇਟ (1 ਕਿਲੋ ਫੈਰਸ ਸਲਫੇਟ/100 ਲੀਟਰ ਪਾਣੀ) ਦੇ ਛਿੜਕਾਅ ਕਰਨ ਨਾਲ ਹੀ ਪੂਰੀ ਕਰ ਸਕਦੇ ਹਾਂ । ਹਫਤੇ ਦੇ ਵਕਫੇ 'ਤੇ 2-3 ਛਿੜਕਾਅ ਕਰੋ । ਜੇਕਰ ਖੇਤਾਂ ਵਿੱਚ ਜ਼ਿਆਦਾ ਪਾਣੀ ਹੋਵੇ ਤਾਂ ਉਹ ਕੱਢ ਦਿਉ ।

**ਮੱਕੀ** : ਫਾਲ ਆਰਮੀਵਰਮ ਦੀ ਰੋਕਥਾਮ ਲਈ 0.4 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲੀਟਰ ਡੈਲੀਗੇਟ 11.7 ਐਸ. ਸੀ. (ਸਪਾਈਨੇਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐਸ. ਸੀ. (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । 20 ਦਿਨਾਂ ਤੱਕ ਦੀ ਫ਼ਸਲ ਲਈ 120 ਲੀਟਰ ਪਾਣੀ ਪ੍ਰਤੀ ਏਕੜ ਵਰਤੋ । ਇਸ ਤੋਂ ਬਾਅਦ ਫ਼ਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲੀਟਰ ਪ੍ਰਤੀ ਏਕੜ ਤੱਕ ਵਧਾਉ, ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿੱਚ ਵਧਾਉ । ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰਨਾ ਜ਼ਰੂਰੀ ਹੈ । ਜੇ ਹਮਲਾ ਪੌੜੀਆਂ ਵਿੱਚ ਹੋਵੇ ਜਾਂ ਫ਼ਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ/ਜੈਵਿਕ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾ ਕੇ ਫਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਮਿਸ਼ਰਣ ਬਣਾਉਣ ਲਈ 5 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨਿਲੀਪਰੋਲ) ਜਾਂ ਡੈਲੀਗੇਟ 11.7 ਐਸ. ਸੀ. (ਸਪਾਈਨਟੋਰਮ) ਜਾਂ 5 ਗ੍ਰਾਮ ਮਿਜ਼ਾਈਲ 5 ਐਸ. ਸੀ. (ਐਮਾਮੈਕਟਿਨ ਬੈਂਜ਼ੋਏਟ) ਜਾਂ 25 ਗ੍ਰਾਮ ਡੇਲਫਿਨ ਡਬਲਯੂ. ਜੀ. ਜਾਂ 25 ਮਿਲੀਲੀਟਰ ਡਾਈਪਲ 8 ਐੱਲ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਨੂੰ 10 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਇੱਕ ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਓ । ਜ਼ਿਆਦਾ ਦੇਰ ਤੱਕ ਪਾਣੀ ਖੜ੍ਹਾ ਮੱਕੀ ਦੀ ਫ਼ਸਲ ਸਹਾਰ ਨਹੀਂ ਸਕਦੀ । ਇਸ ਲਈ ਵਾਧੂ ਖੜ੍ਹਾ ਪਾਣੀ ਖੇਤ ਵਿੱਚੋਂ ਬਾਹਰ ਕੱਢ ਦਿਉ । ਚੱਲ ਰਹੇ ਮੌਸਮ ਦੌਰਾਨ ਮੱਕੀ ਵਿੱਚ ਪਾਣੀ ਖੜ੍ਹਾ ਹੋਣ ਨਾਲ ਇਸ ਦੇ ਤਣੇ 'ਤੇ ਗਾਲ੍ਹੇ ਰੋਗ ਦਾ ਹਮਲਾ ਹੋ ਸਕਦਾ ਹੈ । ਇਸ ਰੋਗ ਤੋਂ ਇਲਾਵਾ ਇਨ੍ਹਾਂ ਦਿਨਾਂ ਵਿੱਚ ਮੱਕੀ ਦੀ ਫ਼ਸਲ ਉੱਪਰ ਪੱਤਿਆਂ ਅਤੇ ਟਾਂਡਿਆਂ ਦੇ ਝੁਲਸ ਰੋਗ ਦਾ ਹਮਲਾ ਹੋ ਸਕਦਾ ਹੈ । ਜਿਉਂ ਹੀ ਇਸ ਰੋਗ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਇਸ ਦੀ ਰੋਕਥਾਮ ਲਈ 100 ਮਿਲੀਲੀਟਰ ਐਮੀਸਟਾਰ ਟੌਪ 325 ਐਸ. ਸੀ. ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਲੋੜ ਪੈਣ 'ਤੇ ਦੂਜਾ ਛਿੜਕਾਅ 15 ਦਿਨਾਂ ਦੇ ਵਕਫੇ 'ਤੇ ਦੁਹਰਾਇਆ ਜਾ ਸਕਦਾ ਹੈ ।

**ਸਬਜ਼ੀਆਂ** : ਇਹ ਸਮਾਂ ਵੇਲਾਂ ਵਾਲੀਆਂ ਸਬਜ਼ੀਆਂ ਜਿਵੇਂ ਕਿ ਹਲਵਾ ਕੱਦੂ, ਘੀਆ ਕੱਦੂ, ਕਰੇਲਾ, ਕਾਲੀ ਤੋਰੀ, ਪੇਠਾ, ਟੀਂਡਾ ਅਤੇ ਵੰਗੇ ਦੀ ਬਿਜਾਈ ਲਈ ਢੁੱਕਵਾਂ ਹੈ । ਬਰਸਾਤੀ ਮੌਸਮ ਵਿੱਚ ਬਿਜਾਈ ਲਈ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਚੋਣ ਕਰੋ । ਇਸ ਤੋਂ ਇਲਾਵਾ ਭਿੰਡੀ ਦੀ ਪੰਜਾਬ ਸੁਹਾਵਨੀ, ਪੰਜਾਬ ਲਾਲਿਮਾ ਅਤੇ ਲੋਬੀਆ ਦੀ ਕਾਉਪੀਅ-263 ਕਿਸਮਾਂ ਦੀ ਬਿਜਾਈ ਲਈ ਸਹੀ ਸਮਾਂ ਹੈ । ਲੋੜ ਅਨੁਸਾਰ ਸਿੰਚਾਈ 4-5 ਦਿਨਾਂ ਦੇ ਵਕਫੇ 'ਤੇ ਕਰਦੇ ਰਹੋ । ਟਮਾਟਰ ਦੀ ਫ਼ਸਲ ਨੂੰ ਅਗੇਤੇ ਝੁਲਸ ਰੋਗ ਤੋਂ ਬਚਾਉਣ ਲਈ 200 ਲੀਟਰ ਪਾਣੀ ਵਿੱਚ ਇੰਡੋਫਿਲ ਐਮ-45 ਦੀ 600 ਗ੍ਰਾਮ ਮਾਤਰਾ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਭਿੰਡੀ ਦੀਆਂ ਪੰਜਾਬ ਸੁਹਾਵਣੀ ਜਾਂ ਪੰਜਾਬ ਲਾਲਿਮਾ ਕਿਸਮਾਂ ਬੀਜਣੀਆਂ ਸ਼ੁਰੂ ਕਰ ਦਿਉ, ਕਿਉਂਕਿ ਇਹ ਕਿਸਮਾਂ ਪੀਲੇ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀਆਂ ਹਨ । 15-20 ਟਨ ਗਲੀ-ਸੜੀ ਰੂੜੀ ਤੋਂ ਇਲਾਵਾ 40 ਕਿਲੋ



ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ । ਬੈਂਗਣ ਵਿੱਚ ਫਲਾਂ ਅਤੇ ਲਗਰਾਂ ਵਿੱਚ ਮੋਰੀ ਕਰਨ ਵਾਲੀ ਸੁੰਡੀ ਦੀ ਰੋਕਥਾਮ ਲਈ 80 ਮਿਲੀਲੀਟਰ ਕੋਰਾਜ਼ਨ 18.5 ਐਸ. ਸੀ. (ਕਲੋਰਐਂਟਰਾਨੀਲੀਪਰੋਲ) ਜਾਂ 80 ਗ੍ਰਾਮ ਪ੍ਰੋਕਲੇਮ 5 ਐਸ. ਜੀ. (ਐਮਾਮੈਕਟਿਨ ਬੈਂਜੋਏਟ) ਜਾਂ 100 ਮਿਲੀਲੀਟਰ ਸੁਮੀਸੀਡੀਨ 20 ਈ. ਸੀ. (ਫੈਨਵਲਰੇਟ) ਜਾਂ 200 ਮਿਲੀਲੀਟਰ ਰਿਪਕਾਰਡ 10 ਈ. ਸੀ. (ਸਾਈਪਰਮੈਥਰਿਨ) ਜਾਂ 160 ਮਿਲੀਲੀਟਰ ਡੈਸਿਸ 2.8 ਈ. ਸੀ. (ਡੈਲਟਾਮੈਥਰਿਨ) 100-125 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ । ਪ੍ਰੋਕਲੇਮ ਦੇ ਛਿੜਕਾਅ ਤੋਂ ਬਾਅਦ 3 ਦਿਨ ਅਤੇ ਕੋਰਾਜ਼ਨ ਦੇ ਛਿੜਕਾਅ ਤੋਂ ਬਾਅਦ 7 ਦਿਨਾਂ ਤੱਕ ਫਲ ਨਾ ਤੋੜੋ । ਛਿੜਕਾਅ ਕਰਨ ਤੋਂ ਪਹਿਲਾਂ ਪੱਕੇ ਫਲ ਤੋੜ ਲਵੋ ਅਤੇ ਕਾਣੇ ਫਲ ਤੋੜ ਕੇ ਜ਼ਮੀਨ ਵਿੱਚ ਡੂੰਘੇ ਦਬਾ ਦਿਉ । ਬਰਸਾਤਾਂ ਪੈਣ ਕਾਰਨ ਮੌਸਮ ਮਿਰਚਾਂ ਅਤੇ ਟਾਹਣੀਆਂ ਦੇ ਸੋਕੇ ਅਤੇ ਗਾਲ੍ਹੇ ਦੇ ਹਮਲੇ ਲਈ ਅਨੁਕੂਲ ਬਣ ਰਿਹਾ ਹੈ । ਇਸ ਲਈ ਮਿਰਚਾਂ ਦੀ ਫ਼ਸਲ 'ਤੇ 250 ਮਿਲੀਲੀਟਰ ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ



ਐਮ-45 ਜਾਂ ਬਲਾਈਟੌਕਸ ਨੂੰ 250 ਲੀਟਰ ਪਾਣੀ ਵਿੱਚ ਘੋਲ ਕੇ 10 ਦਿਨਾਂ ਦੇ ਵਕਫੇ 'ਤੇ ਛਿੜਕਾਅ ਕਰੋ ।

**ਬਾਗਬਾਨੀ**

ਫ਼ਲਦਾਰ ਬੂਟਿਆਂ ਖਾਸ ਕਰਕੇ ਨਿੰਬੂ ਜਾਤੀ ਦੇ ਬੂਟੇ, ਅਮਰੂਦ, ਅੰਬ, ਲੀਚੀ, ਬਿੱਲ, ਆਮਲਾ ਆਦਿ ਦੇ ਬੂਟਿਆਂ ਦੀ ਲਵਾਈ ਦਾ ਕੰਮ ਕੀਤਾ ਜਾ ਸਕਦਾ ਹੈ । ਜਿਹੜੇ ਅਮਰੂਦਾਂ ਦੇ ਬਾਗਾਂ ਵਿੱਚ ਫ਼ਲ ਦਾ ਆਕਾਰ ਬਣ ਗਿਆ ਹੈ ਅਤੇ ਫਲਾਂ ਦਾ ਰੰਗ ਬਦਲਣਾ ਸ਼ੁਰੂ ਹੋ ਗਿਆ ਹੈ । ਉਹਨਾਂ ਬਾਗਾਂ ਵਿੱਚ ਵੀ ਪੀ. ਏ. ਯੂ. ਫਰੂਟ ਫਲਾਈ ਲਗਾਏ ਜਾ ਸਕਦੇ ਹਨ । ਘਰੇਲੂ ਪੱਧਰ 'ਤੇ ਅਮਰੂਦਾਂ ਦੇ ਫਲਾਂ ਨੂੰ ਨਾਨ-ਵੂਵਨ ਲਿਫਾਫਿਆਂ ਨਾਲ ਵੀ ਢਕਿਆ ਜਾ ਸਕਦਾ ਹੈ । ਨਿੰਬੂ ਜਾਤੀ ਦੇ ਫਲਾਂ ਵਿੱਚ ਫਾਈਟਪਥੋਰਾ ਨਾਂ ਦੀ ਬਿਮਾਰੀ ਦੀ ਰੋਕਥਾਮ ਲਈ ਰਿਡੋਮਿਲ ਗੋਲਡ ਜਾਂ ਕਰਜੈਟਐਮ 8 ਨਾਲ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਇਸ ਸਮੇਂ 25 ਗ੍ਰਾਮ ਪ੍ਰਤੀ 10 ਲੀਟਰ ਪਾਣੀ ਪ੍ਰਤੀ ਪੌਦਾ ਦੇ ਹਿਸਾਬ ਨਾਲ ਚੰਗੀ ਤਰ੍ਹਾਂ ਭਿਉਂ ਦਿਉ । ਬਹੁਤ ਜ਼ਿਆਦਾ ਪ੍ਰਭਾਵਿਤ ਬੂਟਿਆਂ ਨੂੰ 50 ਮਿਲੀਲੀਟਰ ਸੋਡੀਅਮ ਹਾਈਪੋਕਲੋਰਾਈਟ (5%) 10 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਪੌਦਾ ਪਾਉ । ਇਸ ਘੋਲ ਨਾਲ ਪ੍ਰਭਾਵਿਤ ਬੂਟਿਆਂ ਦੀ ਜ਼ਮੀਨ ਅਤੇ ਮੁੱਖ ਤਣਿਆਂ ਉਪਰ ਚੰਗੀ ਤਰ੍ਹਾਂ ਛਿੜਕਾਅ ਕਰੋ । ਸੋਡੀਅਮ ਹਾਈਪੋਕਲੋਰਾਈਟ ਦੀ ਸਪਰੇਅ ਤੋਂ ਇੱਕ ਹਫਤੇ ਬਾਅਦ 100 ਗ੍ਰਾਮ ਟ੍ਰਾਈਕੋਡਰਮਾ ਐਸਪੈਰੇਲਮ ਦੀ ਪਾਊਡਰ ਬਾਇਓਫਾਰਮੂਲੇਸ਼ਨ ਨੂੰ 2.5 ਕਿਲੋ ਰੂੜੀ ਨਾਲ ਮਿਲਾ ਕੇ ਬੂਟੇ ਦੇ ਮੁੱਢ ਅਤੇ ਘੇਰੇ ਵਿੱਚ ਪਾਉਣ ਨਾਲ ਇਸ ਬਿਮਾਰੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਜੇਕਰ ਬਾਗਾਂ ਵਿੱਚ ਜਾਂ ਬੂਟਿਆਂ ਦੁਆਲੇ ਬਰਸਾਤ ਦਾ ਪਾਣੀ ਜਮ੍ਹਾਂ ਹੋ ਗਿਆ ਹੋਵੇ ਤਾਂ ਉਸਦੀ ਨਿਕਾਸੀ ਕਰ ਦਿਉ ।

**ਪਸ਼ੂ-ਪਾਲਣ**

ਮੀਂਹ ਦੇ ਪਾਣੀ ਕਾਰਨ ਪਸ਼ੂਆਂ ਨੂੰ ਛੂਤ ਅਤੇ ਪਰਜੀਵੀ ਰੋਗਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਮੀਂਹ ਦੇ ਪਾਣੀ ਕਾਰਨ ਹਵਾ ਵਿੱਚ ਨਮੀ ਦਾ ਪੱਧਰ ਵੱਧ ਜਾਂਦਾ ਹੈ, ਜਿਸ ਕਰਕੇ ਮੱਛਰ, ਮੱਖੀਆਂ, ਚਿੱਚੜਾਂ ਆਦਿ ਦੀ ਗਿਣਤੀ ਵੱਧ ਜਾਂਦੀ ਹੈ । ਮੱਛਰ, ਮੱਖੀਆਂ ਦੀ ਭਰਮਾਰ ਕਾਰਨ ਲੰਗੜਾ ਬੁਖਾਰ ਅਤੇ ਕੀੜਿਆਂ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਹੋ ਸਕਦੀਆਂ ਹਨ । ਇਨ੍ਹਾਂ ਦੀ ਰੋਕਥਾਮ ਲਈ ਪੁਖਤਾ ਇੰਤਜ਼ਾਮ ਕਰਨ ਦੀ ਲੋੜ ਹੈ । ਗੰਦਾ ਪਾਣੀ ਸਾਲਮੋਨੈਲਾ, ਈ-ਕੋਲਾਈ, ਕਲੋਸਟ੍ਰੀਡੀਅਮ ਅਤੇ ਲੈਪਟੋਸਪਾਇਰਾ ਵਰਗੇ ਖਤਰਨਾਕ ਕੀਟਾਣੂਆਂ ਨਾਲ ਦੂਸ਼ਿਤ ਹੋ ਸਕਦਾ ਹੈ । ਦੂਸ਼ਿਤ ਪਾਣੀ ਰਾਹੀਂ ਪਸ਼ੂਆਂ ਦੇ ਪੇਟ ਦੇ ਪਰਜੀਵੀ ਵੀ ਫੈਲ ਸਕਦੇ ਹਨ, ਜਿਹਨਾਂ ਕਰਕੇ ਪਸ਼ੂਆਂ ਵਿੱਚ ਪੀਲੀਆ ਅਤੇ ਮੋਕ ਵਰਗੇ ਲੱਛਣ ਵੇਖਣ ਨੂੰ ਮਿਲ ਸਕਦੇ ਹਨ । ਇਸ ਲਈ ਪਸ਼ੂਆਂ ਨੂੰ ਖੜ੍ਹੇ ਪਾਣੀ ਤੋਂ ਦੂਰ ਰੱਖੋ ਅਤੇ ਕਿਰਮ ਰਹਿਤ ਕਰੋ ।



# ਕੈਨੇਡਾ ਦੇ ਡੇਅਰੀ ਫਾਰਮ

ਕੈਨੇਡਾ ਦੇ ਡੇਅਰੀ ਫਾਰਮ ਕਮਾਲ ਦੇ ਹਨ। ਇੱਥੇ ਬਹੁਤੀਆਂ ਡੇਅਰੀਆਂ ਦਾ ਧੰਦਾ ਹਾਲੈਂਡ ਦੇ ਡੱਚ ਲੋਕ ਕਰਦੇ ਹਨ। ਆਮ ਤੌਰ 'ਤੇ 60 ਤੋਂ 100 ਗਾਵਾਂ ਦਾ 8-10 ਏਕੜ ਦਾ ਫਾਰਮ ਹੁੰਦਾ ਹੈ। ਫਾਰਮ ਦੇ ਬਾਹਰ ਸੜਕ ਕੰਢੇ ਇੱਕ ਲੱਕੜੀ ਦਾ ਖੋਖਾ ਨੁਮਾ ਦੁਕਾਨ ਹੁੰਦੀ ਹੈ। ਇੱਥੇ ਤਿੰਨ ਫਰਿੱਜਾਂ ਵਿੱਚ ਦੁੱਧ ਦੀਆਂ ਤਿੰਨ ਕਿਸਮਾਂ ਦੀਆਂ ਬੋਤਲਾਂ ਹੁੰਦੀਆਂ ਹਨ। ਇਹ ਦੁੱਧ ਵਧੀਆ ਕਿਸਮ ਦਾ ਹੁੰਦਾ ਹੈ, ਜੋ ਬਿਨਾਂ ਉਬਾਲੇ ਹੀ ਫਰਿੱਜ ਵਿੱਚ ਹਫਤਾ ਖਰਾਬ ਨਹੀਂ ਹੁੰਦਾ। ਲੋਕ ਦੁੱਧ ਦੀਆਂ ਬੋਤਲਾਂ ਚੁੱਕ ਕੇ ਸਾਹਮਣੇ ਕੰਧ ਨਾਲ ਲੱਗੇ ਬਕਸੇ ਵਿੱਚ ਡਾਲਰ ਪਾ ਜਾਂਦੇ ਹਨ ਅਤੇ ਘਰੋਂ ਲਿਆਂਦੀ ਖਾਲੀ ਬੋਤਲ ਰੱਖ ਜਾਂਦੇ ਹਨ। ਭਾਰਤ ਵਿੱਚ ਨਲਕੇ ਦੀ ਹੱਥੀ ਨੂੰ ਤਾਲਾ, ਗਲਾਸ ਨੂੰ ਸੰਗਲੀ, ਪੈਨ/ਪੈਨਸਿਲ ਨੂੰ ਧਾਗੇ ਨਾਲ ਬੰਨ੍ਹਦੇ ਹਨ। ਪਰ ਕੈਨੇਡਾ ਵਿਖੇ ਦੁਕਾਨ ਵਿੱਚ ਕੋਈ ਵੇਚਣ/ਵੇਖਣ ਵਾਲਾ ਨਹੀਂ ਹੁੰਦਾ ਤੇ ਮਜ਼ਾਲ ਐ ਕੋਈ ਗਾਹਕ ਚੁਆਨੀ ਘੱਟ ਪਾ ਜਾਵੇ। ਇੱਥੇ ਬਹੁਤੇ ਗਾਹਕ ਗੋਰੇ ਹੀ ਆਉਂਦੇ ਹਨ। ਇੱਕ ਦਿਨ ਅਸੀਂ ਦੁੱਧ ਲੈਣ ਗਏ ਅਤੇ ਜਦੋਂ ਡਾਲਰ ਗਿਣਨ ਲੱਗੇ ਤਾਂ ਅਠਿਆਨੀ ਘੱਟ ਗਈ। ਬੇਟੀ ਕਹਿੰਦੀ, ਆਪਾਂ ਨੂੰ ਵਾਪਸ ਜਾਣਾ ਪਵੇਗਾ। ਅਸੀਂ ਕਾਰ ਵਿੱਚ ਖੱਲਾਂ-ਖੂੰਜੇ ਫਰੋਲੇ ਤਾਂ ਦੋ ਡਾਲਰ ਦੇ ਸਿੱਕੇ ਮਿਲ ਗਏ। ਬੇਟੀ ਖੁਸ਼ ਹੋ ਕੇ ਕਹਿੰਦੀ ਬਣ ਗਿਆ ਕੰਮ, ਡਾਲਰ ਪੂਰੇ ਹੋ ਗਏ ਹਨ। ਹੁਣ ਮੁੜਨਾ ਨਹੀਂ ਪਵੇਗਾ। ਡੇਅਰੀ ਵਾਲੇ ਇਹ ਦੁੱਧ ਕਸ਼ੀਦ ਕੇ ਪਾਉਂਦੇ ਹਨ। ਬਾਕੀ ਸਾਰਾ ਦੁੱਧ ਇੱਕ ਕੰਪਨੀ ਆਪਣੇ ਟਰੱਕ ਵਿੱਚ ਲੈ ਜਾਂਦੀ ਹੈ। ਅੱਗੇ ਉਹ ਪਲਾਂਟ ਵਿੱਚ ਸਾਫ਼ ਕਰਕੇ ਵੇਚਦੇ ਹਨ। ਕੈਨੇਡਾ ਵਿੱਚ ਕਿਤੇ ਕੋਈ ਮਿਲਾਵਟਖੋਰੀ ਨਹੀਂ ਹੈ। ਦੂਜੇ ਪਾਸੇ ਪੰਜਾਬ ਵਿੱਚ ਪਿਛਲੇ ਹਫਤੇ ਹੀ ਇੱਕ ਡੇਅਰੀ ਦਾ ਸੈਕਟਰੀ ਫੜਿਆ ਗਿਆ ਸੀ, ਜੋ ਰੋਜ਼ਾਨਾ ਤਿੰਨ ਹਜ਼ਾਰ ਲੀਟਰ ਨਕਲੀ ਦੁੱਧ ਵੇਰਵਾ ਪਲਾਂਟ ਵਿੱਚ ਪਾ ਰਿਹਾ ਸੀ। ਹੇਰਾ-ਫੇਰੀ, ਬੇਈਮਾਨੀ ਤਾਂ ਸਾਡੇ ਖੂਨ ਵਿੱਚ ਰਚੀ ਹੋਈ ਹੈ। 35-40 ਸਾਲ ਪਹਿਲਾਂ ਇਹ ਸਵਰਗ ਹੀ ਹੁੰਦਾ ਸੀ, ਇਸ ਦਾ ਭੱਠਾ ਵੀ ਸਾਡੇ ਲੋਕਾਂ ਨੇ ਹੀ ਬਿਠਾਇਆ ਹੈ।

- ਬੀ. ਐਸ. ਢਿੱਲੋਂ ਐਡਵੋਕੇਟ,
146, ਸੈਕਟਰ 49, ਚੰਡੀਗੜ੍ਹ (ਮੋ. 99880-91463)

## ਬਰਸਾਤ ਦੇ ਮੌਸਮ ਦੌਰਾਨ

# ਪਸ਼ੂਆਂ ਦੀ ਸੁਚੱਜੀ ਸਾਂਭ-ਸੰਭਾਲ

**ਬਰਸਾਤ ਦੇ ਮੌਸਮ ਵਿੱਚ ਪਸ਼ੂਆਂ ਦੀ ਖੁਰਾਕ/ਪਾਣੀ ਵਿੱਚ ਕੀਟਾਣੂੰ ਜਾਂ ਫਫ਼ੂੰਦੀ ਪੈਦਾ ਹੋ ਜਾਂਦੀ ਹੈ, ਜਿਸ ਨਾਲ ਪਸ਼ੂਆਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਇਸ ਤੋਂ ਬਚਾਅ ਲਈ ਪਸ਼ੂ-ਪਾਲਕਾਂ ਲਈ ਕੁਝ ਨੁਕਤੇ ਇਸ ਪ੍ਰਕਾਰ ਹਨ।**

**ਪਸ਼ੂਆਂ ਦਾ ਬਿਮਾਰੀਆਂ ਤੋਂ ਬਚਾਅ** : ਬਰਸਾਤ ਦੇ ਮੌਸਮ ਵਿੱਚ ਪਸ਼ੂ-ਲੰਗੜਾਪਨ, ਗਲ-ਘੋਟੂ, ਮੂੰਹ-ਖੁਰ ਵਰਗੀਆਂ ਬਿਮਾਰੀਆਂ ਤੋਂ ਪੀੜਤ ਹੁੰਦੇ ਹਨ। ਇਨ੍ਹਾਂ ਬਿਮਾਰੀਆਂ ਤੋਂ ਪੀੜਤ ਪਸ਼ੂਆਂ ਨੂੰ ਵੱਗ ਤੋਂ ਵੱਖ ਰੱਖੋ ਅਤੇ ਬਿਮਾਰੀਆਂ ਆਦਿ ਕਾਰਨ ਮਰੇ ਹੋਏ ਪਸ਼ੂਆਂ ਨੂੰ ਚੂਨਾ ਪਾ ਕੇ ਸਹੀ ਢੰਗ ਨਾਲ ਨਿਪਟਾਰਾ ਕਰੋ (ਦਫਨਾ ਦਿਓ)।

**ਪਰਜੀਵੀਆਂ ਤੋਂ ਸੁਰੱਖਿਆ** : ਇਸ ਮੌਸਮ ਵਿੱਚ ਮੱਖੀਆਂ ਮੱਛਰ ਵਰਗੇ ਪਰਜੀਵੀ ਨਾ ਸਿਰਫ ਪਸ਼ੂਆਂ ਦਾ ਖੂਨ ਚੂਸਦੇ ਹਨ, ਸਗੋਂ ਬਿਮਾਰੀਆਂ ਵੀ ਫੈਲਾਉਂਦੇ ਹਨ। ਇੱਕ ਖਾਸ ਕਿਸਮ ਦੀ ਮੱਖੀ ਦੇ ਕੱਟਣ ਨਾਲ ਟ੍ਰਾਈਪੈਨੋਮਿਆਸਿਸ ਅਤੇ ਹੋਰ ਕਈ ਬਿਮਾਰੀਆਂ ਫੈਲਦੀਆਂ ਹਨ। ਚਿੱਚੜ, ਜੂੰਆਂ ਆਦਿ ਵੀ ਖੂਨ ਚੂਸਣ ਦੇ ਨਾਲ-ਨਾਲ ਥਲੇਰੀਆ, ਬਬੇਸੀਆ ਵਰਗੀਆਂ ਬਿਮਾਰੀਆਂ ਫੈਲਾਉਂਦੇ ਹਨ। ਇਹਨਾਂ ਪਰਜੀਵੀਆਂ ਦੇ ਕੰਟਰੋਲ ਲਈ ਗੋਹੇ ਦਾ ਸਹੀ ਪ੍ਰਬੰਧਨ ਕਰੋ। ਕੀਟਨਾਸ਼ਕ ਰੱਸੀਆਂ ਬਣਾ ਕੇ (ਸੇਬੇ ਦੀ ਰੱਸੀ ਦੇ ਟੁਕੜਿਆਂ ਨੂੰ 250 ਮਿ. ਲੀ. ਪਾਣੀ, 250 ਗ੍ਰਾਮ ਗੁੜ ਅਤੇ 100 ਮਿਲੀਲੀਟਰ ਕਲੋਰੋਪਾਇਰੀਫਾਸ / ਡਾਈਕਲੋਰੋਫਾਸ ਭਿਓਂ ਕੇ ਸੁਕਾਉਣਾ) ਸ਼ੈਡ ਦੇ ਦੁਆਲੇ ਪਰ ਪਸ਼ੂਆਂ ਦੀ ਪਹੁੰਚ ਤੋਂ ਦੂਰ ਬੰਨੋ। ਚਿੱਚੜਾਂ ਦੀ ਦਵਾਈ (ਡੈਲਟਾਮੈਥਰੀਨ / ਸਾਈਪਰਮੈਥਰੀਨ) ਦਾ ਪਸ਼ੂਆਂ ਦੇ ਨਾਲ-ਨਾਲ ਸ਼ੈਡ ਵਿੱਚ ਵੀ ਸਪਰੇਅ ਕਰੋ। ਪਰ ਧਿਆਨ ਰੱਖੋ ਕਿ ਪਸ਼ੂ ਇਸ ਨੂੰ ਚੱਟੇ ਨਾ। ਮੱਛਰ, ਮੱਖੀਆਂ ਤੋਂ ਪਸ਼ੂਆਂ ਦੀ ਸੁਰੱਖਿਆ ਲਈ, ਸਵੇਰੇ ਸ਼ਾਮ ਸੌਂਫ, ਨਿੰਮ ਦੇ ਪੱਤੇ ਅਤੇ ਘਾਹ ਆਦਿ ਦਾ ਧੂੰਆਂ ਕਰੋ। ਮਾਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਪੇਟ ਦੇ ਕੀੜੇ ਮਾਰਨ ਵਾਲੀ ਦਵਾਈ ਜ਼ਰੂਰ ਦਿਓ।

**ਪਸ਼ੂਆਂ ਦੀ ਖੁਰਾਕ ਦਾ ਧਿਆਨ** : ਇਸ ਮੌਸਮ ਵਿੱਚ ਪਸ਼ੂਆਂ ਨੂੰ ਹਰੇ ਚਾਰੇ ਦੇ ਨਾਲ ਸੁੱਕਾ ਚਾਰਾ ਜਿਵੇਂ ਤੂੜੀ ਆਦਿ ਵੀ ਖੁਆਓ। ਸਿਰਫ ਹਰਾ ਚਾਰਾ ਜ਼ਿਆਦਾ



ਮਾਤਰਾ ਵਿੱਚ ਖੁਆਉਣ ਨਾਲ ਮੋਕ ਲੱਗ ਸਕਦੀ ਹੈ ਅਤੇ ਫਲੀਦਾਰ ਹਰਾ ਚਾਰਾ ਜ਼ਿਆਦਾ ਮਾਤਰਾ ਵਿੱਚ ਖੁਆਉਣਾ (ਅਫਾਰੇ) ਦਾ ਕਾਰਨ ਬਣਦਾ ਹੈ, ਜਿਸ ਨਾਲ ਜਾਨਵਰ ਦੀ ਮੌਤ ਵੀ ਹੋ ਸਕਦੀ ਹੈ।

**ਸ਼ੈਡ ਨੂੰ ਸੁੱਕਾ ਰੱਖਣਾ** : ਪਸ਼ੂਆਂ ਦੇ ਰਹਿਣ ਵਾਲੇ ਸਥਾਨ ਵਿੱਚ ਚਿੱਚੜ, ਗੋਬਰ ਆਦਿ ਨਹੀਂ ਹੋਣਾ ਚਾਹੀਦਾ। ਪਾਣੀ ਦੀ ਨਿਕਾਸੀ ਦਾ ਢੁੱਕਵਾਂ ਪ੍ਰਬੰਧ ਕਰੋ। ਗੰਦੇ ਅਤੇ ਗਿੱਲੇ ਸਥਾਨਾਂ 'ਤੇ ਲੰਬੇ ਸਮੇਂ ਤੱਕ ਖੜੇ ਰਹਿਣ ਨਾਲ ਜਾਨਵਰਾਂ ਦੇ ਖੁਰ ਖਰਾਬ ਹੋ ਜਾਂਦੇ ਹਨ ਅਤੇ ਇਨਫੈਕਸ਼ਨ ਵੀ ਹੋ ਜਾਂਦੀ ਹੈ।

**ਖੁਰਾਂ ਦੀ ਸੰਭਾਲ** : ਖੁਰਾਂ ਵਿੱਚ ਤਕਲੀਫ ਹੋਣ ਨਾਲ ਪਸ਼ੂ ਦਾ ਉਤਪਾਦਨ ਘੱਟ ਸਕਦਾ ਹੈ। ਖੁਰਾਂ ਨੂੰ ਸਿਹਤਮੰਦ ਰੱਖਣ ਲਈ ਪਸ਼ੂ ਦੀ ਖੁਰਾਕ ਦੇ ਸੁੱਕੇ ਮਾਦੇ ਦਾ ਇੱਕ-ਤਿਹਾਈ ਹਿੱਸਾ ਹਰੇ ਅਤੇ ਸੁੱਕੇ ਚਾਰੇ ਤੋਂ ਆਉਣਾ ਚਾਹੀਦਾ ਹੈ ਤਾਂ ਜੋ ਰਿਊਮਨ ਵਿੱਚ ਤੇਜ਼ਾਬ ਦੀ ਮਾਤਰਾ ਨਿਯਮਿਤ ਰੱਖੀ ਜਾ ਸਕੇ। ਵਧੇਰੇ ਫੀਡ ਨਾਲ ਵਧੇਰੇ ਤੇਜ਼ਾਬ ਬਣਦਾ ਹੈ, ਜਿਸ ਨਾਲ ਖੁਰਾਂ ਦੀਆਂ ਸਮੱਸਿਆਵਾਂ ਵਧੇਰੇ ਪੇਸ਼ ਆਉਂਦੀਆਂ ਹਨ। ਮਿਨਰਲ ਮਿਕਸਚਰ ਦੀ ਨਿਯਮਿਤ ਵਰਤੋਂ ਕਰੋ। ਹਰ ਛੇ ਮਹੀਨੇ ਬਾਅਦ ਖੁਰ ਬਣਵਾਉਂਦੇ ਰਹੋ। ਪਸ਼ੂਆਂ ਲਈ ਫੁੱਟ ਬਾਥ ਦੀ ਵਿਵਸਥਾ ਕਰੋ, ਜਿਸ ਵਿੱਚ ਫਾਰਮਲਿਨ ਦਾ 4% ਘੋਲ ਵਰਤੋਂ। ਫਾਰਮਾਲਿਨ ਦੀ ਵਰਤੋਂ ਵੇਲੇ ਮਾਸਕ ਜ਼ਰੂਰ ਪਹਿਨੋ ਅਤੇ ਇਸ ਨੂੰ ਘੋਲਣ ਲਈ ਲੱਕੜ ਦੀ ਸੋਟੀ ਦੀ ਵਰਤੋਂ ਕਰੋ।

**ਲੇਵੇ ਦੀ ਸੰਭਾਲ** : ਗਿੱਲੇ ਅਤੇ ਗੰਦੇ ਸ਼ੈਡ ਵਿੱਚ ਮੈਸਟਾਈਟਸ ਹੋਣ ਦੀ ਸੰਭਾਵਨਾ ਵੀ ਵਧੇਰੇ ਹੁੰਦੀ ਹੈ। ਇਸ ਲਈ ਸੰਤੁਲਿਤ ਖੁਰਾਕ ਅਤੇ ਸ਼ੈਡ ਨੂੰ ਸੁੱਕਾ ਰੱਖਣ ਦੇ ਨਾਲ-ਨਾਲ ਚੁਆਈ ਤੋਂ ਬਾਅਦ ਟੀਟ ਡਿੱਪ (ਬੀਟਾਡੀਨ + ਗਲਿਸਰੀਨ @ 3:1) ਦੀ ਵਰਤੋਂ ਜ਼ਰੂਰੀ ਕਰੋ। ਪਸ਼ੂਆਂ ਨੂੰ ਉੱਲੀ ਲੱਗਿਆ ਆਚਾਰ ਬਿਲਕੁਲ ਨਾ ਦਿਓ, ਉੱਲੀ ਤੋਂ ਪੈਦਾ ਹੋਏ ਐਫਲਾਟੌਕਸੀਨ ਵੀ ਮੈਸਟਾਈਟਸ ਦਾ ਕਾਰਨ ਬਣ ਸਕਦੇ ਹਨ। ਸਾਈਲੋ ਪਿੱਟ ਭਰਨ ਦੀ ਕਿਰਿਆ ਦੌਰਾਨ ਮੀਂਹ ਪੈਣ ਨਾਲ ਆਚਾਰ ਨੂੰ ਉੱਲੀ ਲੱਗਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਸਤਬੀਰ ਸਿੰਘ ਅਤੇ ਅਪਰਣਾ ਗੁਪਤਾ,
ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ
(ਮੋ. 99882-27872

BEW KSA

ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ

4 IN 1 COMBO
BEW ਸੁਪਰ ਸੀਡਰ



- ਲੋਨ ਉਪਲੱਬਧ
- ਪਾਉਡਰ ਕੋਟਿੰਗ ਪੇਂਟ
- ਸਬਸਿਡੀ ਉਪਲੱਬਧ
- ਪੇਟੇਂਟ ਡਿਜ਼ਾਇਨ
- ਬੁਕਿੰਗ ਸ਼ੁਰੂ

TOLL FREE NUMBER
1800-120-004455

- KS AGROTECH PVT. LTD.
- BHAGWAN ENGINNERING WORKS
- KS POWERTECH PVT. LTD.
- KS FARM CORPORATION PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

## ਪੀ.ਏ.ਯੂ. ਵੱਲੋਂ ਸਤੰਬਰ ਮਹੀਨੇ ਵਿੱਚ ਲੱਗਣ ਵਾਲੇ

# ਕਿਸਾਨ ਮੇਲੇ

| | |
|---|---|
| 10 ਸਤੰਬਰ | ਨਾਗਕਲਾਂ ਜਹਾਂਗੀਰ (ਅੰਮ੍ਰਿਤਸਰ) |
| 12 ਸਤੰਬਰ | ਬੱਲੋਵਾਲ ਸੌਂਖੜੀ (ਐਸ.ਬੀ.ਐਸ. ਨਗਰ) |
| 16 ਸਤੰਬਰ | ਰੌਣੀ (ਪਟਿਆਲਾ) |
| 18 ਸਤੰਬਰ | ਫਰੀਦਕੋਟ |
| 24 ਸਤੰਬਰ | ਗੁਰਦਾਸਪੁਰ |
| 30 ਸਤੰਬਰ | ਬਠਿੰਡਾ |

**26-27 ਸਤੰਬਰ, 2025**
**ਪੀ.ਏ.ਯੂ. ਕੈਂਪਸ, ਲੁਧਿਆਣਾ**

**ਜਾਮਣ ਦੀ ਕਾਸ਼ਤ ਵੱਖ-ਵੱਖ ਕਿਸਮ ਦੀ ਮਿੱਟੀ ਅਤੇ ਜਲਵਾਯੂ ਵਿੱਚ ਸਫਲਤਾਪੂਰਵਕ ਕੀਤੀ ਜਾ ਸਕਦਾ ਹੈ। ਲੂਣੀਆਂ ਅਤੇ ਖਾਰੀਆਂ ਜ਼ਮੀਨਾਂ ਨੂੰ ਸਹਾਰਨ ਦੀ ਵਿਸ਼ੇਸ਼ ਸਮਰਥਾ ਕਾਰਨ ਇਸ ਨੂੰ ਪੰਜਾਬ ਦੇ ਘੱਟ-ਉਪਜਾਊ ਅਤੇ ਮਾੜੀਆਂ ਜ਼ਮੀਨਾਂ ਵਿੱਚ ਵੀ ਲਗਾਇਆ ਜਾ ਸਕਦਾ ਹੈ। ਜਾਮਣ ਨੂੰ ਫੁੱਲ ਅਤੇ ਫ਼ਲ ਲੱਗਣ ਸਮੇਂ ਖੁਸ਼ਕ ਮੌਸਮ ਦੀ ਲੋੜ ਹੁੰਦੀ ਹੈ। ਪਰ ਫ਼ਲਾਂ ਦੇ ਚੰਗੇ ਆਕਾਰ ਅਤੇ ਰੰਗ ਲਈ ਸ਼ੁਰੂਆਤੀ ਮੌਨਸੂਨ ਬਾਰਿਸ਼ਾਂ ਜ਼ਰੂਰੀ ਹਨ।**



# ਜਾਮਣ : ਪੰਜਾਬ ਦਾ ਇੱਕ ਅਨਮੋਲ ਫ਼ਲ

ਕਿਰਨਦੀਪ ਕੌਰ ਕੰਗ ਅਤੇ ਗੁਰਤੇਗ ਸਿੰਘ, ਫ਼ਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ : 98158-04868)

**ਨਵੀਆਂ ਕਿਸਮਾਂ :**

**1. ਕੋਂਕਣ ਬਹਾਦੋਲੀ :** ਇਸ ਕਿਸਮ ਦੇ ਫ਼ਲਾਂ ਦਾ ਔਸਤਨ ਭਾਰ 12.5 ਗ੍ਰਾਮ ਹੁੰਦਾ ਹੈ ਜਿਨ੍ਹਾਂ ਵਿੱਚ 78.5 ਪ੍ਰਤੀਸ਼ਤ ਗੁੱਦਾ ਹੁੰਦਾ ਹੈ। ਇਸ ਕਿਸਮ ਦੇ ਫ਼ਲ ਗੂੜ੍ਹੇ ਜਾਮਣੀ ਰੰਗ ਦੇ ਹੁੰਦੇ ਹਨ ਅਤੇ ਫ਼ਲਾਂ ਦਾ ਗੁੱਦਾ ਚਿੱਟੇ ਰੰਗ ਦਾ ਹੁੰਦਾ ਹੈ। ਇਸ ਦੇ ਫ਼ਲਾਂ ਵਿੱਚ ਮਿਠਾਸ ਅਤੇ ਖਟਾਸ ਦਾ ਮਾਦਾ ਕ੍ਰਮਵਾਰ 12.6 ਪ੍ਰਤੀਸ਼ਤ ਅਤੇ 0.75 ਪ੍ਰਤੀਸ਼ਤ ਹੁੰਦਾ ਹੈ। ਇਸ ਦੇ ਫ਼ਲ ਜੁਲਾਈ ਦੇ ਅਖੀਰ ਵਿੱਚ ਪੱਕ ਜਾਂਦੇ ਹਨ। ਇਸ ਦਾ ਔਸਤਨ ਭਾਰ ਲੱਗਭੱਗ 50 ਕਿਲੋ ਪ੍ਰਤੀ ਬੂਟਾ ਹੈ। ਇਹ ਕਿਸਮ ਤਾਜ਼ੇ ਫ਼ਲ ਖਾਣ ਦੇ ਨਾਲ-ਨਾਲ ਪ੍ਰੋਸੈਸਿੰਗ ਲਈ ਵੀ ਢੁੱਕਵੀਂ ਹੈ।

**2. ਗੋਮਾ ਪ੍ਰਿਅੰਕਾ :** ਇਸ ਕਿਸਮ ਦੇ ਫ਼ਲ ਦਰਮਿਆਨੇ ਆਕਾਰ ਦੇ ਹੁੰਦੇ ਹਨ ਜਿਨ੍ਹਾਂ ਦਾ ਔਸਤਨ ਭਾਰ 10.3 ਗ੍ਰਾਮ ਹੁੰਦਾ ਹੈ ਅਤੇ ਇਹਨਾਂ ਵਿੱਚ 83.5 ਪ੍ਰਤੀਸ਼ਤ ਗੁੱਦਾ ਹੁੰਦਾ ਹੈ। ਇਸ ਦੇ ਫ਼ਲ



ਅੰਡਾਕਾਰ-ਲੰਬੂਤਰੇ ਹੁੰਦੇ ਹਨ ਜਿਨ੍ਹਾਂ ਦਾ ਬਾਹਰੀ ਰੰਗ ਗੂੜ੍ਹਾ ਜਾਮਨੀ ਅਤੇ ਗੁੱਦੇ ਦਾ ਰੰਗ ਹਲਕਾ ਗੁਲਾਬੀ ਹੁੰਦਾ ਹਨ। ਇਸ ਦੇ ਫ਼ਲਾਂ ਵਿੱਚ ਮਿਠਾਸ ਅਤੇ ਮਾਦਾ ਕ੍ਰਮਵਾਰ 13.6 ਪ੍ਰਤੀਸ਼ਤ ਹੁੰਦਾ ਹੈ। ਫ਼ਲ ਜੁਲਾਈ ਦੇ ਪਹਿਲੇ ਹਫ਼ਤੇ ਤੋਂ ਜੁਲਾਈ ਦੇ ਅਖੀਰ ਵਿੱਚ ਪੱਕ ਜਾਂਦੇ ਹਨ। ਇਸ ਦੇ ਔਸਤਨ ਝਾੜ ਲਗਭਗ 50 ਕਿਲੋ ਪ੍ਰਤੀ ਬੂਟਾ ਹੈ। ਇਹ ਕਿਸਮ ਤਾਜ਼ੇ ਫ਼ਲ ਖਾਣ ਦੇ ਨਾਲ-ਨਾਲ ਪ੍ਰੋਸੈਸਿੰਗ ਲਈ ਵੀ ਢੁੱਕਵੀਂ ਹੈ।

**ਨਸਲੀ ਵਾਧਾ ਅਤੇ ਬੂਟਿਆਂ ਦੀ ਲਵਾਈ ਦਾ ਢੁੱਕਵਾਂ ਸਮਾਂ :** ਜਾਮਣ ਦਾ ਨਸਲੀ ਵਾਧਾ ਜੂਨ-ਜੁਲਾਈ ਦੇ ਦੌਰਾਨ ਬੀਜਾਂ ਤੋਂ ਤਿਆਰ ਕੀਤੇ ਜੜ੍ਹ-ਮੁੱਢ ਉੱਤੇ ਪੈਚ ਬਡਿੰਗ ਕਰਕੇ ਕੀਤਾ ਜਾਂਦਾ ਹੈ। ਜੜ੍ਹ-ਮੁੱਢ ਲਈ ਬੀਜਾਂ ਨੂੰ ਤੁਰੰਤ ਬੀਜ ਦੇਣਾ ਚਾਹੀਦਾ ਹੈ। ਜਾਮਣ ਦੇ ਪਿਉਂਦ ਕੀਤੇ ਬੂਟੇ ਬੀਜਾਂ ਤੋਂ ਤਿਆਰ ਕੀਤੇ ਬੂਟਿਆਂ ਦੀ ਤੁਲਨਾ ਵਿੱਚ ਬਹੁਤ ਜਲਦੀ ਫ਼ਲ ਦੇਣਾ ਸ਼ੁਰੂ ਕਰਦੇ ਹਨ ਅਤੇ ਇਹਨਾਂ ਦਾ ਵਾਧਾ ਵੀ ਇਕਸਾਰ ਹੁੰਦਾ ਹੈ। ਜਾਮਣ ਦੇ ਬੂਟੇ ਫਰਵਰੀ-ਮਾਰਚ ਜਾਂ ਅਗਸਤ-ਸਤੰਬਰ ਦੌਰਾਨ ਲਾਏ ਜਾ ਸਕਦੇ ਹਨ। ਬੂਟੇ ਲਗਾਉਣ ਲਈ 1×1 ਮੀਟਰ ਦੇ ਟੋਏ ਲਗਭਗ ਇੱਕ ਮਹੀਨਾ ਪਹਿਲਾਂ ਤਿਆਰ ਕੀਤੇ ਜਾਂਦੇ ਹਨ। ਬੂਟਿਆਂ ਦੀ ਲੁਆਈ 8×8 ਮੀਟਰ ਦੇ ਫ਼ਾਸਲੇ 'ਤੇ ਕਰਨੀ ਚਾਹੀਦੀ ਹੈ।

**ਸਿਧਾਈ ਅਤੇ ਕਾਂਟ-ਛਾਂਟ :** ਬੂਟੇ ਦੇ ਢਾਂਚੇ ਨੂੰ ਵਿਕਸਿਤ ਕਰਨ ਲਈ ਛੋਟੇ ਬੂਟਿਆਂ ਨੂੰ ਜ਼ਮੀਨੀ ਪੱਧਰ ਤੋਂ 60 ਸੈਂਟੀਮੀਟਰ ਦੀ ਉੱਚਾਈ ਤੇ 3-4 ਸਰੈਫੋਲਡ ਸ਼ਾਖਾਵਾਂ ਜੋ ਕਿ ਇੱਕ ਦੂਜੇ ਤੋਂ ਠੀਕ ਦੂਰੀ ਤੇ ਹੋਣ ਨੂੰ ਰੱਖ ਕੇ ਬਾਕੀ ਕੱਟ ਦਿਉ। ਜਾਮਣ ਦੇ ਰੁੱਖ ਤੇਜ਼ ਵਾਧੇ ਅਤੇ ਉੱਚੇ ਜਾਣ ਵਾਲੇ ਹੁੰਦੇ ਹਨ, ਇਸ ਲਈ ਇਹਨਾਂ ਦੇ ਆਕਾਰ ਅਤੇ ਛੋਟੇ ਢਾਂਚੇ ਨੂੰ ਨਿਯੰਤ੍ਰਿਤ ਰੱਖਣ ਲਈ ਕਾਂਟ-ਛਾਂਟ ਦੀ ਲੋੜ ਹੁੰਦੀ ਹੈ। ਇਸ ਲਈ ਹਰ ਸਾਲ ਨਵੰਬਰ-ਦਸੰਬਰ ਦੌਰਾਨ ਜ਼ਮੀਨੀ ਪੱਧਰ ਤੋਂ 15 ਫੁੱਟ ਦੀ ਉਚਾਈ 'ਤੇ ਸਿਖਰ ਤੋਂ ਕਟਾਈ ਕਰ ਦੇਣੀ ਚਾਹੀਦੀ ਹੈ। ਸੁੱਕੀਆਂ, ਆਪਸ ਵਿੱਚ ਫ਼ਸਦੀਆਂ ਅਤੇ ਟੁੱਟੀਆਂ ਟਾਹਣੀਆਂ ਨੂੰ ਸਾਲਾਨਾ ਕੱਟ ਦੇਣਾ ਚਾਹੀਦਾ ਹੈ।

**ਸਿੰਚਾਈ ਅਤੇ ਖਾਦ ਖੁਰਾਕ :** ਬੂਟਿਆਂ ਦੇ ਸਹੀ ਵਾਧੇ ਅਤੇ ਵਿਕਾਸ ਲਈ ਗਰਮੀਆਂ ਦੇ ਮਹੀਨਿਆਂ ਦੌਰਾਨ ਛੋਟੇ ਬੂਟਿਆਂ ਨੂੰ ਹਫ਼ਤਾਵਾਰੀ ਅੰਤਰਾਲ 'ਤੇ ਸਿੰਚਾਈ ਕਰਨੀ ਚਾਹੀਦੀ ਹੈ। ਫ਼ਲ ਦਿੰਦੇ ਬੂਟਿਆਂ ਨੂੰ, ਫ਼ਲ ਲੱਗਣ ਤੋਂ ਬਾਅਦ ਲਗਾਤਾਰ ਸਿੰਚਾਈ ਕਰਨੀ ਚਾਹੀਦੀ ਹੈ। ਸਿੰਚਾਈ, ਮਿੱਟੀ ਦੀ ਬਣਤਰ ਅਤੇ ਮੌਸਮ ਦੀਆਂ ਸਥਿਤੀਆਂ 'ਤੇ ਨਿਰਭਰ ਕਰਦੀ ਹੈ। ਹਲਕੀ ਮਿੱਟੀ ਵਿੱਚ ਜਾਮਣ ਦੇ ਬਾਗ ਨੂੰ ਆਮ ਤੌਰ 'ਤੇ ਗਰਮੀਆਂ ਦੇ ਮੌਸਮ ਵਿੱਚ 8-10 ਦਿਨਾਂ ਦੇ ਅੰਤਰਾਲ 'ਤੇ ਸਿੰਚਾਈ ਦੀ ਲੋੜ ਹੁੰਦੀ ਹੈ। ਹਰ ਸਾਲ 15-20 ਕਿਲੋ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਵਾਲੀ ਖਾਦ ਛੋਟੇ ਬੂਟਿਆਂ ਨੂੰ ਪਾਓ ਅਤੇ ਪੂਰੇ ਵੱਡੇ ਬੂਟਿਆਂ ਵਿੱਚ, 100 ਕਿਲੋ ਰੂੜੀ ਵਾਲੀ ਖਾਦ ਪ੍ਰਤੀ ਸਾਲ ਨਵੰਬਰ-ਦਸੰਬਰ ਦੌਰਾਨ ਰੁੱਖਾਂ ਦੀ ਛਤਰੀ ਹੇਠ ਖਿਲਾਰੋ ਅਤੇ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾ ਦਿਉ।

# ਸਾਉਣ ਦੀ ਰਿਮਝਿਮ ਮੌਸਮ ਵਿਚ ਰਸੋਈ ਬਗੀਚੀ ਦੇ ਇਹ ਜ਼ਰੂਰੀ ਕੰਮ ਨਿਪਟਾਓ



**ਸਬਜ਼ੀਆਂ ਦੀ ਬਿਜਾਈ :** ਜੇਕਰ ਮੌਨਸੂਨ ਜਾਂਦੇ-ਜਾਂਦੇ ਅਤੇ ਸਰਦੀ ਆਉਂਦੇ-ਆਉਂਦੇ ਆਪਣੀ ਰਸੋਈ ਬਗੀਚੀ ਦੀਆਂ ਤਾਜ਼ੀਆਂ ਸਬਜ਼ੀਆਂ ਖਾਣ ਦੀ ਇੱਛਾ ਹੈ ਤਾਂ ਇਹੀ ਉਹ ਮਹੀਨਾ ਹੈ ਜਦੋਂ ਜ਼ਰੂਰੀ ਸਬਜ਼ੀਆਂ ਅਤੇ ਦਵਾਈਆਂ ਵਾਲੇ ਬੂਟੇ ਬੀਜੋ ਜਾਂ ਬੂਟੇ ਉਗਾਓ। ਜਿਵੇਂ ਇਸ ਮਹੀਨੇ ਲੌਕੀ, ਤੋਰੀ ਅਤੇ ਕਰੇਲੇ ਬੀਜ ਦੇਣੇ ਚਾਹੀਦੇ। ਇਹ ਸਭ ਸਬਜ਼ੀਆਂ ਵੇਲ ਵਾਲੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਬੀਜਣ ਦੇ 10 ਦਿਨ ਬਾਅਦ ਲਕੜੀਆਂ ਦੀ ਝਾੜੀ ਜਾਂ ਮਚਾਨ ਬਣਾ ਕੇ ਇਨ੍ਹਾਂ ਵੇਲਾਂ ਨੂੰ ਉਸ 'ਤੇ ਚੜ੍ਹਾਉਣਾ ਹੁੰਦਾ ਹੈ। ਇਸ ਮਹੀਨੇ ਭਿੰਡੀ ਬੀਜ ਦੇਣੀ ਚਾਹੀਦੀ ਜਾਂ ਭਿੰਡੀ ਦੇ ਬੂਟਿਆਂ ਨੂੰ ਆਪਣੀ ਰਸੋਈ ਬਗੀਚੀ ਵਿਚ ਲਗਾ ਦੇਣਾ ਚਾਹੀਦਾ। ਇਸ ਮਹੀਨੇ ਵਿਚ ਉਗਾਈ ਗਈ ਭਿੰਡੀ ਬਹੁਤ ਤੇਜ਼ੀ ਨਾਲ ਵਧਦੀ ਹੈ ਅਤੇ ਲਗਾਤਾਰ ਤੁੜਾਈ 'ਤੇ ਭਰਪੂਰ ਉਪਜ ਦਿੰਦੀ ਹੈ। ਜੇਕਰ ਤੁਹਾਡੀ ਰਸੋਈ ਬਗੀਚੀ ਵਿਚ ਏਨ੍ਹੀ ਕੁ ਥਾਂ ਹੈ ਕਿ ਸੀਤਾਫਲ ਦੇ ਦੋ-ਤਿੰਨ ਬੀਜ ਵੀ ਬੀਜੇ ਜਾ ਸਕਦੇ ਹਨ ਤਾਂ ਜ਼ਰੂਰ ਬੀਜ ਦਿਓ। ਵੱਡੇ ਫਲ ਅਤੇ ਵੇਲ ਵਾਲੀ ਇਹ ਸਬਜ਼ੀ ਨਾ ਸਿਰਫ਼ ਬੇਹੱਦ ਸ਼ਾਨਦਾਰ ਸਗੋਂ ਕਾਫ਼ੀ ਮਾਤਰਾ ਵਿਚ ਹੁੰਦੀ ਹੈ। ਜੇਕਰ ਤੁਹਾਡਾ ਘਰ ਕਾਫ਼ੀ ਵੱਡਾ ਹੈ ਅਤੇ ਰਸੋਈ ਬਗੀਚੀ ਦੀ ਥਾਂ ਲਗਭਗ ਰਸੋਈ ਫਾਰਮ ਹੈ, ਤਾਂ ਆਪਣੇ ਘਰ ਵਿਚ ਅਰਹਰ ਦੇ ਕੁਝ ਬੀਜ ਵੀ ਬੀਜ ਸਕਦੇ ਹੋ ਤਾਂ ਕਿ ਬਾਜ਼ਾਰ ਵਿਚ ਜਿਸ ਤਰ੍ਹਾਂ ਨਾਲ ਮਿਲਾਵਟੀ ਅਰਹਰ ਮਿਲ ਰਹੀ ਹੈ, ਉਸ ਤੋਂ ਛੁਟਕਾਰਾ ਪਾਇਆ ਜਾ ਸਕੇ। ਪਰ 100 ਵਿਚੋਂ 99.99 ਫ਼ਸਦੀ ਘਰਾਂ ਵਿਚ ਏਨਾ ਵੱਡਾ ਰਸੋਈ ਬਗੀਚਾ ਨਹੀਂ ਹੁੰਦਾ ਕਿ ਉਸ ਨੂੰ ਰਸੋਈ ਫਾਰਮ ਕਿਹਾ ਜਾ ਸਕੇ, ਇਸ ਲਈ ਅਰਹਰ ਦੇ ਬੀਜ ਤਾਂ ਸ਼ਾਇਦ ਤੁਸੀਂ ਵੀ ਨਾ ਬੀਜ ਸਕੋ ਪਰ ਮੇਥੀ, ਧਨੀਆ, ਪਾਲਕ, ਅਦਰਕ ਅਤੇ ਹਲਦੀ ਬੀਜਣ ਦਾ ਸਭ ਤੋਂ ਚੰਗਾ



ਮਹੀਨਾ ਇਹੀ ਹੈ। ਇਸ ਮਹੀਨੇ ਵਿਚ ਬੀਜੀਆਂ ਗਈਆਂ ਇਹ ਪੱਤੇ ਵਾਲੀਆਂ ਸਬਜ਼ੀਆਂ ਅਤੇ ਦਵਾਈ ਜੜ੍ਹ ਹਲਦੀ ਅਤੇ ਅਦਰਕ ਭਰਪੂਰ ਫਸਲ ਦਿੰਦੀ ਹੈ ਅਤੇ ਬਹੁਤ ਸ਼ੁੱਧ ਤੇ ਸਵਾਦੀ ਹੁੰਦੀ ਹੈ।

**ਬੂਟੇ ਬੀਜਣਾ :** ਜੇਕਰ ਸਬਜ਼ੀਆਂ ਬੀਜਣ ਦੀ ਥਾਂ ਨਰਸਰੀ ਤੋਂ ਬੂਟੇ ਲੈ ਕੇ ਲਗਾਉਣਾ ਹੈ ਜਾਂ ਘਰ ਦੇ ਹੀ ਇਕ ਕੋਨੇ ਵਿਚ ਬਣਾਈ ਗਈ ਨਰਸਰੀ ਤੋਂ ਬੀਜਣਾ ਹੈ ਤਾਂ ਉਸ ਲਈ ਇਹ ਮਹੀਨਾ ਬਹੁਤ ਲਾਹੇਵੰਦ ਹੁੰਦਾ ਹੈ। ਇਸ ਮਹੀਨੇ ਵਿਚ ਆਪਣੀ ਰਸੋਈ ਬਗੀਚੀ ਵਿਚ ਟਮਾਟਰ, ਮਿਰਚ, ਬੈਂਗਣ ਦੇ ਬੂਟੇ ਬੀਜੋ। ਇਸ ਮੌਸਮ ਵਿਚ ਸਭ ਤੋਂ ਜ਼ਿਆਦਾ ਮਿੱਟੀ ਵਿਚ ਨਮੀ ਹੋਣ ਕਾਰਨ ਕੋਈ ਵੀ ਬੂਟਾ ਸੌਖਿਆਂ ਹੀ ਲਗ ਜਾਂਦਾ ਹੈ। ਪਿੰਡਾਂ ਵਿਚ ਇਕ ਕਹਾਵਤ ਕਹੀ ਜਾਂਦੀ ਹੈ ਕਿ ਸਾਉਣ ਵਿਚ ਮੁਰਦੇ ਨੂੰ ਵੀ ਮਿੱਟੀ ਵਿਚ ਦਬਾ ਦਿਓ ਤਾਂ ਉਹ ਜਾਗ ਜਾਂਦਾ ਹੈ। ਇਸ ਕਹਾਵਤ ਪਿੱਛੇ ਇਹੀ ਸੰਦੇਸ਼ ਲੁਕਿਆ ਹੋਇਆ ਹੈ ਕਿ ਬਾਕੀ ਮਹੀਨਿਆਂ ਜਾਂ ਮੌਸਮਾਂ ਵਿਚ ਬੀਜਾਂ ਦੇ ਉੱਗਣ ਵਿਚ ਜਿੰਨੀ ਮੁਸ਼ਕਿਲ ਹੁੰਦੀ ਹੈ, ਸਾਉਣ ਵਿਚ ਓਨੀ ਹੀ ਸੌਖ ਹੁੰਦੀ ਹੈ। ਸਾਉਣ ਦੇ ਮੌਸਮ ਵਿਚ ਸਖ਼ਤ ਤੋਂ ਸਖ਼ਤ ਛਿਲਕੇ ਅੰਦਰ ਕੈਦ ਬੀਜ ਵੀ ਛਿਲਕੇ ਤੋਂ ਤੋੜ ਕੇ ਉੱਗ ਆਉਂਦਾ ਹੈ। ਇਸ ਲਈ ਅੰਬ ਦੀ ਗਿਟਕ ਸਭ ਤੋਂ ਜ਼ਿਆਦਾ ਸਾਉਣ ਦੇ ਮਹੀਨੇ ਵਿਚ ਹੀ ਉੱਗਦੀ ਹੈ ਅਤੇ ਭਾਰਤ ਵਿਚ ਬਾਗ ਲਾਉਣ ਦਾ ਸਭ ਤੋਂ ਸਹੀ ਮਹੀਨਾ ਵੀ ਸਾਉਣ ਦਾ ਹੀ ਮੰਨਿਆ ਜਾਂਦਾ ਹੈ। ਸ਼ਾਇਦ ਇਹੀ ਸਾਉਣ ਦੀ ਲਾਹੇਵੰਦੀ ਹੈ ਕਿ ਇਸ ਮਹੀਨੇ ਕਈ ਤਰੀਕਾਂ ਨੂੰ ਬੂਟੇ ਬੀਜਣ ਦੀ ਰਸਮੀ ਤਰੀਕਾਂ ਮੰਨੀਆਂ ਜਾਂਦੀਆਂ ਹਨ। ਅੰਬ ਵੀ ਪਿੰਡਾਂ ਵਿਚ ਵਿਸ਼ੇਸ਼ ਤੌਰ 'ਤੇ ਸਾਉਣ ਮਹੀਨੇ ਵਿਚ ਹੀ ਲਗਾਏ ਜਾਂਦੇ ਹਨ। ਮੰਨਿਆ ਜਾਂਦਾ ਹੈ ਕਿ ਸਾਉਣ ਵਿਚ ਲਗਾਏ ਅੰਬ ਹਰ ਹਾਲਤ ਵਿਚ ਲੱਗ ਜਾਂਦੇ ਹਨ ਬਾਕੀ ਮਹੀਨਿਆਂ ਵਿਚ ਇਨ੍ਹਾਂ ਦੇ ਲਗਣ ਦੀ ਉਮੀਦ 50 ਫ਼ੀਸਦੀ ਹੀ ਰਹਿੰਦੀ ਹੈ।

**ਘਾਹ ਜਾਂ ਪੱਤਿਆਂ ਦੀ ਪਰਤ ਵਿਛਾਉਣਾ :** ਮਿੱਟੀ ਦੀ ਨਮੀ ਬਣਾਈ ਰੱਖਣ ਲਈ ਅਤੇ ਘਰ ਵਿਚ ਘਾਹ-ਫੂਸ ਨੂੰ ਉੱਗਣ ਤੋਂ ਰੋਕਣ ਲਈ ਬੂਟਿਆਂ ਦੇ ਚਾਰੇ ਪਾਸੇ ਇਸ ਮਹੀਨੇ ਵਿਚ ਸੁੱਕੀ ਘਾਹ, ਪੱਤੀਆਂ ਜਾਂ ਨਾਰੀਅਲ ਦੇ ਛਿਲਕੇ ਵਿਛਾਏ ਜਾਂਦੇ ਹਨ। ਇਸ ਨਾਲ ਦੋ ਕੰਮ ਹੁੰਦੇ ਹਨ ਇਕ ਤਾਂ ਸਾਡੀ ਰਸੋਈ ਬਗੀਚੀ ਵਿਚ ਗੈਰ-ਜ਼ਰੂਰੀ ਰੂਪ ਨਾਲ ਘਾਹ-ਫੂਸ ਨਹੀਂ ਉੱਗਦੇ, ਨਾਲ ਹੀ ਮਿੱਟੀ ਵਿਚ ਨਮੀ ਵੀ ਬਰਕਰਾਰ ਰਹਿੰਦੀ ਹੈ। ਇਸ ਤਰੀਕੇ ਨੂੰ ਜਲ ਸੁਰੱਖਿਆ ਦਾ ਕਾਰਗਰ ਢੰਗ ਵੀ ਮੰਨਿਆ ਜਾਂਦਾ ਹੈ। ਇਸ ਮਹੀਨੇ ਵਿਚ ਕਿਉਂਕਿ ਬਾਰਿਸ਼ ਕਾਫ਼ੀ ਜ਼ਿਆਦਾ ਹੁੰਦੀ ਹੈ, ਇਸ ਲਈ ਬੂਟਿਆਂ ਦੀਆਂ ਜੜ੍ਹਾਂ ਵਿਚ ਪਾਣੀ ਨਾ ਭਰ ਜਾਵੇ, ਇਸ ਲਈ ਉਨ੍ਹਾਂ ਦੇ ਆਲੇ-ਦੁਆਲੇ ਨਾਲੀਆਂ ਵੀ ਬਣਾਉਣਾ ਪੈਂਦੀਆਂ ਹਨ। ਸਾਉਣ ਦਾ ਮਹੀਨਾ ਰਸੋਈ ਬਗੀਚੀ ਲਈ ਬਹੁਤ ਲਾਹੇਵੰਦ ਮਹੀਨਾ ਹੁੰਦਾ ਹੈ। ਇਸੇ ਮਹੀਨੇ ਬੂਟਿਆਂ ਦੀ ਕਾਂਟ-ਛਾਂਟ ਵੀ ਕਰਨੀ ਜ਼ਰੂਰੀ ਹੁੰਦੀ ਹੈ ਤਾਂ ਕਿ ਬੂਟੇ ਸਿਹਤਮੰਦ ਰਹਿਣ ਅਤੇ ਮੌਨਸੂਨ ਵਿਚ ਉਨ੍ਹਾਂ ਦਾ ਵਾਧਾ ਚੰਗੀ ਤਰ੍ਹਾਂ ਹੋਵੇ। ਬੂਟਿਆਂ ਵਿਚ ਜੈਵਿਕ ਖਾਦ ਅਤੇ ਕੀਟਨਾਸ਼ਕਾਂ ਨੂੰ ਪਾਉਣ ਦਾ ਇਹ ਸਭ ਤੋਂ ਸਹੀ ਮਹੀਨਾ ਹੁੰਦਾ ਹੈ। ਗੋਹੇ ਦੀ ਖਾਦ, ਵਰਮੀ ਕੰਪੋਸਟ ਅਤੇ ਨਿੰਮ ਦੀ ਖਾਦ ਜੇਕਰ ਰਸੋਈ ਬਗੀਚੀ ਵਿਚ ਸਾਉਣ ਦੇ ਮਹੀਨੇ ਦੀ ਸ਼ੁਰੂਆਤ ਵਿਚ ਪਾ ਦਿੱਤੀ ਜਾਵੇ ਤਾਂ ਇਸ ਦਾ ਫ਼ਾਇਦਾ ਪੂਰੇ ਸਾਲ ਮਿਲਦਾ ਹੈ।

**- ਅਨੂ ਆਰ.**


# ਮੋਟਿਵ

## ਇੰਡੋਫਿਲ ਤੋਂ ਆਇਆ ਨਵਾਂ ਦੋਸਤ...

- ਸੁਰੱਖਿਆ ਵਿੱਚ ਵਾਧਾ
- ਵਿਆਪਕ ਨਿਯੰਤਰਣ
- ਪੋਸ਼ਕਤਾ ਵਿੱਚ ਸਮਰਥਨ
- ਸਹਿਕ੍ਰਿਆਤਮਕ ਅਸਰ
- ਪ੍ਰਤਿ ਰੋਧਕਤਾ ਪ੍ਰਬੰਧਨ
- ਬਿਹਤਰ ਫਾੱਰਮੂਲੇਸ਼ਨ



**ਮਾਤਰਾ : ੫੦੦ ਗ੍ਰਾਮ/ਏਕੜ**




indofil™

ਨੋਟ: ਇੰਡੋਫਿਲ ਲੋਗੋ ਟ੍ਰਾਂਜਿਸ਼ਨ ਪੜਾਅ ਵਿੱਚ ਹੈ। (ਪੈਕ ਡਿਜ਼ਾਈਨ ਵਿੱਚ ਬਦਲਾਅ ਹੋ ਸਕਦਾ ਹੈ)